# ਵਰਿਆਮ

ਨਵੰਬਰ ੧੯੯੯




ਪੱਚੀਵਾਂ ਸਾਲ

Sri Satguru Jagjit Singh Ji eLibrary NamdhariElibrary@gmail.com

https://archive.org/details/namdhari









NS

# NAMDHARI SEEDS

ਤੁਹਾਡੀ ਖੁਸ਼ਹਾਲੀ ਦਾ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

ਟਮਾਟਰ : N.S. 815, ਉਤਸਵ ਅਤੇ ਅਮੋਘ

ਫੁਲ ਗੋਭੀ : N.S. 60, N.S. 84 ਅਤੇ N.S. 90

ਭਿੰਡੀ : ਅਰਕਾ ਅਨਾਮਿਕਾ

ਤਰਬੂਜ਼ : N.S. 295 (ਸਮਰ ਸਵੀਟ) N.S. 246 ਅਤੇ N.S. 2332

ਖਰਬੂਜਾ : N.S. 7455 ਅਤੇ ਅਭਿਜੀਤ

ਲੌਕੀ (ਘੀਆ) : ਕਾਵੇਰੀ

ਤੋਰਈ : ਸੰਜੀਵਨੀ ਅਤੇ ਹੋਰ ਬਹੁਤ ਕੁਝ

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

*ਰੀਜਨਲ ਆਫਿਸ :-*

**ਨਾਮਧਾਰੀ ਸੀਡਜ਼ ਪ੍ਰਾ : ਲਿ :**

104, ਸਾਵਿਤਰੀ ਕੰਪਲੈਕਸ,
ਢੋਲੇਵਾਲ ਚੌਂਕ, ਲੁਧਿਆਣਾ-141 003.
ਫੋਨ : 0161-531439, 543499 ਘਰ : 0161-833109

*Head Office :*

**NAMDHARI SEEDS PVT. LTD.**

Bidadi-Bangalore (India) 562109
Tel : 080-2210987, 08113-82401
Fax : 080-2276880

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

Nov.

ਸਤੰਬਰ ੧੯੯੯ ਜਿਲਦ-੨੫ ਅੰਕ ੧

## ਤਤਕਰਾ


| | | |
|---|---|---|
| ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ | ਡਾ. ਹਰਿਭਜਨ ਸਿੰਘ | ੫ |
| ਮੇਰਾ ਸਾਹਿਤਕ ਪਿਛਵਾੜਾ | ਕੁਲਵੰਤ ਸਿੰਘ ਵਿਰਕ | ੧੪ |
| ਗ਼ਜ਼ਲ | ਅਜੈਬ ਸਿੰਘ | ੧੮ |
| ਗ਼ਜ਼ਲ | ਮਹਿਮਾ ਸਿੰਘ | ੧੯ |
| ਅਤੀਤ ਦਾ ਸਾਇਆ | ਤਰਲੋਕ ਮਨਸੂਰ | ੧੯ |
| ਪੱਛਮੀ ਪੰਜਾਬ ਵਿਚ ਕੁਝ ਦਿਨ | ਸਵਰਨ ਸਿੰਘ ਵਿਰਕ | ੨੧ |
| ਜਾਣੇ ਅਣਜਾਣੇ ਸਫਰ | ਸੁਪਨਦੀਪ ਸੰਧੂ | ੨੭ |
| ਖ਼ਬਰਨਾਮਾ | | ੩੨ |


### ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੦-੦੦ ਰੁਪਏ |
| ਸਾਲਾਨਾ ਚੰਦਾ | ੧੦੦-੦੦ ਰੁਪਏ |
| ਤਿੰਨ ਸਾਲ ਵਾਸਤੇ | ੨੫੦-੦੦ ਰੁਪਏ |
| ਪੰਜ ਸਾਲ ਵਾਸਤੇ | ੪੦੦-੦੦ ਰੁਪਏ |
| ਜੀਵਨ ਮੈਂਬਰ | ੧੦੦੦-੦੦ ਰੁਪਏ |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |

*ਜੋ ਆਦਮੀ ਕਿਸੇ ਦੇ ਦਿਲ ਵਿਚ ਵਸ ਗਿਆ ਹੋਵੇ*
*ਉਹ ਦੂਰ ਰਹਿੰਦਿਆਂ ਵੀ ਦੂਰ ਨਹੀਂ*
*ਪਰ ਜੋ ਦਿਲਾਂ 'ਚ ਨਹੀਂ*
*ਉਹ ਨੇੜੇ ਰਹਿੰਦਿਆਂ ਵੀ ਦੂਰ ਹੈ*

*-ਚਾਣਕਯ-ਚਾਣਕਯ ਨੀਤੀ*


ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
ਸਾਹਮਣੇ ਸੈਂਟਰਲ ਟਾਊਨ
ਜਲੰਧਰ- ੧੪੪੦੦੧
ਫੋਨ-ਦਫਤਰ : ੨੨੨੫੪੩
ਘਰ : ੫੬੨੮੯

**Office Address :**
**Monthly WARIAM (Punjabi)**
**Ladowali Road.**
**Opp. Central Town,**
**Jalandhar-144001**
**Ph. : 222543 (O)**
**56289 (R)**


### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।


ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU IRON INDUSTRIES**

**ਸੱਗੂ ਆਇਰਨ ਇੰਡਸਟਰੀਜ਼**

Sugar Mill Spares, Paper & Boards Mill Spares, Textile Mill Spares, Distillery Spares & Solvent Plant Spares All Type of Gear & Chain Sprockets & Industrial Chain

*Partner:* S. Puran Singh Saggu
S. Narinder Singh Saggu
Old Railway Road, Jalandhar.
*Phone : 58795, 59056 Mobile Phone 9814028099*




Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਪੱਚੀਵੇਂ ਸਾਲ 'ਚ

ਵਰਿਆਮ ਇਸ ਅੰਕ ਨਾਲ ਪੱਚੀਵੇਂ ਸਾਲ ਵਿਚ ਪਰਵੇਸ਼ ਕਰ ਰਿਹਾ ਹੈ।

ਇਹ ਅੰਕ ਇਕ ਬਹੁਤ ਹੀ ਸਾਧਾਰਨ ਜਿਹਾ ਹੈ ਪਰ ਇਸ ਸਾਲ ਵਿਚ ਬਹੁਤ ਵਿਸ਼ੇਸ਼ ਅੰਕ ਪਾਠਕਾਂ ਦੀ ਸੇਵਾ ਵਿਚ ਪੇਸ਼ ਕੀਤੇ ਜਾਣੇ ਹਨ। ਪਿਛਲੇ ਮਹੀਨੇ ਯੂ. ਕੇ. ਅੰਕ ਕੱਢਿਆ ਗਿਆ ਸੀ ਉਹ ਇਕ ਭਾਰੀ ਅੰਕ ਸੀ ਅਤੇ ਉਸ ਦਾ ਵਿਆਪਕ ਸੁਆਗਤ ਹੋਇਆ ਹੈ। ਇਸ ਕਰਕੇ ਵੀ ਪਚੀਵੇਂ ਸਾਲ ਦਾ ਪਹਿਲਾ ਅੰਕ ਵਿਸ਼ੇਸ਼ ਨਹੀਂ ਬਣ ਸਕਿਆ।

ਸਾਡਾ ਮਨ ਮਸਤਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਸਾਦਰ ਝੁਕਦਾ ਹੈ ਜਿਨ੍ਹਾਂ ਨੇ ਆਪਣੇ ਵਿਸ਼ਾਲ ਹਿਰਦੇ ਵਿਚ ਸਾਨੂੰ ਵੀ ਥਾਂ ਦਿੱਤੀ ਹੈ। ਇਹ ਆਪ ਦੇ ਪਿਆਰ ਦਾ ਕ੍ਰਿਸ਼ਮਾ ਹੈ ਕਿ ਅਸੀਂ ਚੌਵੀ ਸਾਲ ਸੰਪੂਰਨ ਕਰ ਸਕੇ ਹਾਂ ਅਤੇ ਹਰ ਤਰ੍ਹਾਂ ਦੀਆਂ ਹਨੇਰੀਆਂ ਝੱਖੜਾਂ ਵਿਚ ਉਹ ਸਾਡੀ ਓਟ ਬਣੇ ਰਹੇ ਹਨ। ਆਪ ਨੇ ਆਪਣੇ ਅਧਿਆਤਮਕ ਸ਼ਾਸਨ ਦੇ ੪੦ ਸਾਲ ਸੰਪੂਰਨ ਕੀਤੇ ਹਨ। ਇਨ੍ਹਾਂ ਵਿਚੋਂ ੬੦ ਪ੍ਰਤੀਸ਼ਤ ਸਮਾਂ ਵਰਿਆਮ ਨੇ ਵੀ ਸੇਵਾ ਕੀਤੀ ਹੈ। ਵਰਿਆਮ ਵਿਚ ਛਪੀਆਂ ਦੇਸ਼-ਵਿਦੇਸ਼ ਦੀਆਂ ਰਿਪੋਰਟਾਂ ਅਤੇ ਤਸਵੀਰਾਂ ਨੇ ਕਾਫੀ ਰਿਕਾਰਡ ਸਾਂਭਣ ਅਤੇ ਸੁਚੇਤ ਪਾਠਕਾਂ ਦੇ ਸਾਹਮਣੇ ਲਿਆਉਣ ਵਿਚ ਯੋਗਦਾਨ ਪਾਇਆ ਹੈ।

ਵਰਿਆਮ ਦੇ ਪੱਚੀਵੇਂ ਸਾਲ ਵਿਚ ਅਸੀਂ ਜਿਥੇ ਵਿਸ਼ੇਸ਼ ਅੰਕ ਕੱਢਾਂਗੇ ਉਥੇ ਨਾਲ ਹੀ ਇਸ ਸਬੰਧੀ ਸਮਾਗਮ ਵੀ ਆਯੋਜਨ ਕੀਤੇ ਜਾਣਗੇ। ਇਨ੍ਹਾਂ ਦੀ ਵਿਉਂਤਬੰਦੀ ਹੋ ਰਹੀ ਹੈ। ਇਹ ਸਮਾਗਮ ਵੱਖ ਵੱਖ ਸ਼ਹਿਰਾਂ ਵਿਚ ਵੀ ਹੋ ਸਕਦੇ ਹਨ। ਅਸੀਂ ਆਪਣੇ ਲੇਖਕ ਮਿੱਤਰਾਂ ਨੂੰ ਬੇਨਤੀ ਕਰਦੇ ਹਾਂ ਕਿ ਇਨ੍ਹਾਂ ਅੰਕਾਂ ਵਾਸਤੇ ਹੁਣ ਤੋਂ ਹੀ ਉਹ ਲੇਖ ਅਤੇ ਹੋਰ ਸਮੱਗਰੀ ਭੇਜਣ।

ਆਪਣੇ ਸੁਹਿਰਦ ਦੋਸਤਾਂ ਮਿੱਤਰਾਂ ਸਰਪ੍ਰਸਤਾਂ ਤੇ ਮਿਹਰਬਾਨਾਂ ਨੂੰ ਕਹਿਣਾ ਚਾਹਾਂਗੇ ਕਿ ਇਸ ਸਾਲ ਦੇ ਪ੍ਰੋਗਰਾਮਾਂ ਵਾਸਤੇ ਵੱਧ ਤੋਂ ਵੱਧ ਇਸ਼ਤਿਹਾਰ, ਮਾਇਕ ਯੋਗਦਾਨ ਅਤੇ ਹੋਰ ਮਿਲਵਰਤਣ ਦੇਣ।

ਇਸ ਸਬੰਧੀ ਹਰ ਤਰ੍ਹਾਂ ਦੀ ਰਾਇ ਵੀ ਭੇਜਣ।

-ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

## ਮੇਲਾ ਗਦਰੀ ਬਾਬਿਆਂ ਦਾ

ਹਰ ਸਾਲ ੧ ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਜਲੰਧਰ ਵਿਚ ਮਨਾਇਆ ਜਾਂਦਾ ਗਦਰੀ ਬਾਬਿਆਂ ਦਾ ਮੇਲਾ ਮਨ ਤੇ ਸਾਫ ਸਵੱਛ ਪ੍ਰਭਾਵ ਪਾਉਂਦਾ ਹੈ। ਇਹ ਹਰ ਸਾਲ ਸਾਨੂੰ ਸਾਡੇ ਮਹਾਨ ਪੁਰਖਿਆਂ ਦੇ ਚਰਨਾਂ ਨਾਲ ਜੋੜਦਾ ਹੈ। ਪੁਰਖੇ ਜੋ ਸਿਦਕ ਅਣੱਖ ਅਤੇ ਕੁਰਬਾਨੀ ਦੇ ਪੁਤਲੇ ਸਨ। ਇਥੋਂ ਦੇ ਗੀਤ ਸੰਗੀਤ ਵਿਚੋਂ ਇਕ ਅਕੀਦਤ ਦੀ ਮਹਿਕ ਆਉਂਦੀ ਹੈ। ਇਕ ਸ਼ਰਧਾਮਈ ਮਾਹੌਲ ਹੁੰਦਾ ਹੈ। ਮਨ ਨਿਰਮਲ ਵਿਚਾਰਾਂ ਨਾਲ ਤਰੋ-ਤਾਜ਼ਾ ਹੁੰਦਾ ਹੈ।

ਅੱਜ ਦੇ ਹਰ ਪੱਖੋਂ ਦੂਸ਼ਤ ਮਾਹੌਲ ਵਿਚ ਇਹ ਮੇਲਾ ਇਵੇਂ ਹੈ ਜਿਵੇਂ ਦੂਰ ਤੱਕ ਪਸਰੇ ਮਾਰੂਥਲ ਵਿਚ ਨਿਰਮਲ ਪਾਣੀ ਦਾ ਚਸ਼ਮਾ ਫੁੱਟਿਆ ਹੋਵੇ। ਅੱਜ ਕਲ ਦੇ ਭੜਕੀਲੇ ਮਾਹੌਲ ਵਿਚ ਜਦੋਂ ਵੱਖ-ਵੱਖ ਟੀ.ਵੀ. ਚੈਨਲਾਂ ਅਤੇ ਅਖੌਤੀ ਸੱਭਿਆਚਾਰਕ ਪ੍ਰੋਗਰਾਮਾਂ, ਮੇਲਿਆਂ ਵਿਚ ਅਸ਼ਲੀਲਤਾ ਅਤੇ ਕਾਮੁਕਤਾ ਨੂੰ ਭੜਕਾਉਣ ਵਾਲੇ ਹੀ ਪ੍ਰੋਗਰਾਮ ਹੁੰਦੇ ਤਾਂ ਨੌਜਵਾਨ ਪੀੜੀ ਦੇ ਬਚਾਅ ਦਾ ਕੋਈ ਚਾਰਾ ਨਹੀਂ ਸੀ। ਇਸ ਮੇਲੇ ਨੇ ਇਸ ਪਾਸੇ ਠੱਲ ਪਾਈ ਹੈ। ਇਸ ਮੇਲੇ ਦੇ ਸ਼ੁਰੂ ਹੋਣ ਨਾਲ ਕਲਾ ਦੀ ਮੱਸ ਰੱਖਣ ਵਾਲੇ ਨੌਜਵਾਨਾਂ ਨੂੰ ਆਪਣੇ ਮਹਾਨ ਵਿਰਸੇ ਨਾਲ ਜੁੜਣ ਦਾ ਅਵਸਰ ਮਿਲਿਆ ਹੈ। ਇਸ ਮੇਲੇ ਦੀ ਸਾਲੋ ਸਾਲ ਵਧਦੀ ਹਰਮਨ ਪਿਆਰਤਾ ਇਸ ਦੀ ਸਾਰਥਕਤਾ ਨੂੰ ਰੂਪ ਮਾਨ ਕਰਦੀ ਹੈ। ਹਰ ਸਾਲ ਨਵੇਂ ਪ੍ਰੋਗਰਾਮ ਜੋੜੇ ਜਾ ਰਹੇ ਹਨ। ਬੱਚਿਆਂ ਦੇ ਪੇਂਟਿੰਗ ਮੁਕਾਬਲਿਆਂ ਵਿਚ ਭਾਰੀ ਗਿਣਤੀ ਵਿਚ ਬਾਲ ਕਲਾਕਾਰਾਂ ਦੀ ਸ਼ਮੂਲੀਅਤ ਉਹਨਾਂ ਦੇ ਜੋਸ਼ ਅਤੇ ਲਗਨ ਦਾ ਪ੍ਰਗਟਾਵਾ ਕਰਦੀ ਹੈ। ਸੰਗੀਤ ਮੁਕਾਬਲੇ, ਨਾਟਕ ਵਰਕਸ਼ਾਪਾਂ, ਦੂਰ ਦੁਰਾਡੇ ਇਲਾਕਿਆਂ ਚੋਂ ਆਉਣ ਵਾਲੀਆਂ ਨਾਟਕ ਅਤੇ ਨੁਕੜ ਨਾਟਕਾਂ ਦੀਆਂ ਮੰਡਲੀਆਂ ਮਿਸ਼ਾਲ ਜਲੂਸਾਂ ਨੇ ਇਸ ਮੇਲੇ ਦਾ ਪਾਸਾਰ ਕਈ ਦਿਨਾਂ ਤੱਕ ਕਰ ਦਿੱਤਾ ਹੈ।

ਵਧੀਆ ਸੁਹਾਵਣੇ ਮੌਸਮ ਵਿਚ ਵੱਖ-ਵੱਖ ਵਿਚਾਰਾਂ ਵਾਲੇ ਸਿਆਣੇ, ਨਿਆਣੇ ਅਤੇ ਜਵਾਨ ਲੋਕਾਂ ਦਾ ਮਿਲ ਬੈਠਣਾ, ਗੀਤ ਸੰਗੀਤ ਸੁਨਣਾ, ਨਾਟਕ ਵੇਖਣਾ ਅਤੇ ਲੰਗਰ ਛਕਣਾ, ਇਕ ਪਰੇਮ ਪਿਆਰ ਅਤੇ ਅਕੀਦਤ ਵਾਲਾ ਭਾਈਚਾਰਾ ਸਿਰਜ ਰਿਹਾ ਹੈ।

ਇਹ ਮੇਲਾ ਜਲੰਧਰ ਦੀ ਪਛਾਣ ਹੀ ਨਹੀਂ ਬਣਿਆ ਸਗੋਂ ਜਲੰਧਰ ਅਤੇ ਪੰਜਾਬ ਦਾ ਮਾਣ ਬਣ ਗਿਆ ਹੈ। ਗਦਰੀ ਬਾਬਿਆਂ ਦੇ ਮੇਲੇ ਦੀਆਂ ਰਿਸ਼ਮਾਂ ਹੁਣ ਦੂਰ-ਦੂਰ ਤੱਕ ਪਸਰ ਰਹੀਆਂ ਹਨ ਅਤੇ ਇਸ ਮੇਲੇ ਤੋਂ ਪ੍ਰੇਰਣਾ ਲੈ ਕੇ ਪੰਜਾਬ ਦੇ ਵੱਖ-ਵੱਖ ਥਾਵਾਂ ਅਤੇ ਇਥੋਂ ਤੱਕ ਕਿ ਵਿਦੇਸ਼ ਵਿਚ ਵੀ ਦੇਸ਼ ਭਗਤਾਂ ਦੀ ਯਾਦ ਵਿਚ ਮੇਲੇ ਲੱਗਣ ਲੱਗ ਪਏ ਹਨ। ਅਤੇ ਇਸ ਮੇਲੇ ਵਿਚ ਭਾਗ ਲੈਣ ਵਾਸਤੇ ਪਰਵਾਸੀ ਭਾਰਤੀ ਵੀ ਹੁਣ ਵੱਡੀ ਗਿਣਤੀ ਵਿਚ ਆਉਣ ਲੱਗ ਪਏ ਹਨ। ਮਹਾਨ ਗਦਰੀ ਸੂਰਬੀਰਾਂ ਦੀ ਸੋਚ ਨੂੰ ਸਮਝਣ ਅਤੇ ਉਸ ਦੇ ਪਾਸਾਰ ਵਾਸਤੇ, ਨੌਜਵਾਨਾਂ ਨੂੰ ਦਿਸ਼ਾ ਦੇਣ ਵਾਸਤੇ, ਉਹਨਾਂ ਵਿਚ ਉਸਾਰੂ ਰੁਚੀਆਂ ਜਾਗ੍ਰਿਤ ਕਰਨ ਵਾਸਤੇ ਅਤੇ ਸਮਕਾਲੀ ਬਜ਼ੁਰਗ ਦੇਸ਼ ਭਗਤਾਂ ਦੇ ਦਿਲਾਂ ਵਿਚ ਇਹ ਅਹਿਸਾਸ ਪੈਦਾ ਕਰਨ ਵਾਸਤੇ ਕਿ ਉਹਨਾਂ ਪਿਛੋਂ ਵਿਰਸੇ ਦੀ ਸੰਭਾਲ ਕਰਨ ਵਾਲੇ ਤਿਆਰ ਹੋ ਰਹੇ ਹਨ, ਇਹ ਮੇਲਾ ਅਹਿਮ ਭੂਮਿਕਾ ਨਿਭਾ ਰਿਹਾ ਹੈ। ਨਿਰਸੰਦੇਹ ਮੇਲੇ ਦੇ ਪਰਬੰਧਕ ਵਧਾਈ ਦੇ ਪਾਤਰ ਹਨ।

**ਜਗਦੀਸ਼ ਸਿੰਘ**

## ਨਾਮਧਾਰੀ ਦਰਬਾਰ ਦੇ ਮਤੇ

(੧)

*ਨਾਮਧਾਰੀ ਦਰਬਾਰ ਦੀ ਸ੍ਰੀ ਭੈਣੀ ਸਾਹਿਬ ਵਿਖੇ ੩੦ ਅੱਸੂ ੨੦੫੬ ਮੁਤਾਬਕ ੧੬ ਅਕਤੂਬਰ ੧੯੯੯ ਨੂੰ ਸਾਲਾਨਾ ਜਾਪ ਪਰਯੋਗ ਸਮਾਗਮ ਦੇ ਅਵਸਰ ਤੇ ਹੋਈ ਜਨਰਲ ਇਕੱਤ੍ਰਤਾ ਵਿਚ ਸਰਬ ਸੰਮਤੀ ਨਾਲ ਇਸ ਗੱਲ ਤੇ ਫਿਕਰਮੰਦੀ ਪਰਗਟ ਕੀਤੀ ਗਈ ਕਿ ਦੇਸ਼ ਵਿਚ ਦੂਰ ਦਰਸ਼ਨ ਅਤੇ ਹੋਰ ਟੀ.ਵੀ. ਚੈਨਲਾਂ ਰਾਹੀਂ ਅਸ਼ਲੀਲਤਾ ਵਾਲੇ ਪ੍ਰੋਗਰਾਮਾਂ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ। ਇਹਨਾਂ ਪ੍ਰੋਗਰਾਮਾਂ ਵਿਚ ਇਕ ਯੋਜਨਾ ਬੰਦ ਢੰਗ ਨਾਲ ਸਿਨਮਾ ਜਗਤ ਦੇ ਪ੍ਰੋਗਰਾਮਾਂ ਨੂੰ ਬੜਾਵਾ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਅਜਿਹੇ ਧਾਰਾਵਾਹਕ ਪ੍ਰਸਾਰਤ ਕੀਤੇ ਜਾ ਰਹੇ ਹਨ ਜਿਹਨਾਂ ਵਿਚ ਇਸਤਰੀ ਜਾਤੀ ਦੀ ਨਗਨਤਾ ਦਾ ਪ੍ਰਦਰਸ਼ਨ ਵੱਧ ਤੋਂ ਵੱਧ ਕੀਤਾ ਜਾ ਰਿਹਾ ਹੈ। ਨਿੱਤ ਹੋ ਰਹੇ ਸੁੰਦਰਤਾ ਮੁਕਾਬਲਿਆਂ ਦੀਆਂ ਰਿਪੋਰਟਾਂ ਤੇ ਗਾਣਿਆਂ ਦੇ ਨਾਲ ਆਨੀਂ ਬਹਾਨੀਂ ਇਸਤਰੀ ਜਾਤੀ ਪ੍ਰਤੀ ਅਸ਼ਲੀਲ ਸ਼ਬਦਾਵਲੀ ਵਿਚ ਵਾਧਾ ਹੀ ਹੁੰਦਾ ਜਾ ਰਿਹਾ ਹੈ।*

*ਦਰਬਾਰ ਇਹ ਮਹਿਸੂਸ ਕਰਦਾ ਹੈ ਕਿ ਇਹ ਸਾਰਾ ਕੁਝ ਹੀ ਭਾਰਤੀ ਕੌਮ ਵਿਸ਼ੇਸ਼ ਕਰਕੇ ਯੁਵਾ ਪੀੜੀ ਦੇ ਚ੍ਰਿੱਤਰ ਨੂੰ ਗਿਰਾਵਟ ਵੱਲ ਲੈ ਜਾਣ ਦਾ ਹੀ ਕਾਰਜ ਹੈ।*

*ਇਸ ਸਾਰੀ ਸਥਿਤੀ ਨੂੰ ਧਿਆਨ ਵਿਚ ਰੱਖਦਿਆਂ ਭਾਰਤ ਸਰਕਾਰ ਨੂੰ ਪੁਰਜ਼ੋਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ ਤਾਂ ਕਿ ਮਨੁੱਖੀ ਕਦਰਾਂ ਕੀਮਤਾਂ ਅਤੇ ਭਾਰਤੀ ਸੰਸਕ੍ਰਿਤੀ ਨੂੰ ਬਚਾਉਣ ਲਈ ਅਜਿਹੇ ਪ੍ਰੋਗਰਾਮ, ਇਸ਼ਤਿਹਾਰ ਜਾਂ ਕਿਸੇ ਵੀ ਰੂਪ ਵਿਚ ਬੰਦ ਕੀਤੇ ਜਾਣ।*

(੨)

*ਸਾਲ ੧੯੯੯ ਦੇ ਸਾਲਾਨਾ ਜੱਪ ਪ੍ਰਯੋਗ ਸਮੇਂ ੧੬ ਅਕਤੂਬਰ ਸ਼ਨੀਵਾਰ ਨੂੰ ਹੋਈ ਨਾਮਧਾਰੀ ਦਰਬਾਰ ਦੀ ਇਕੱਤਰਤਾ ਦੇਸ਼ ਵਿਚ ਅਤੇ ਖਾਸ ਕਰਕੇ ਪੰਜਾਬ ਦੀ ਨੌਜਵਾਨ ਪੀੜ੍ਹੀ ਵਿਚ ਤੇਜ਼ੀ ਨਾਲ ਵਧ ਰਹੀ ਨਸ਼ਿਆਂ ਦੀ ਰੁਚੀ ਤੇ ਫ਼ਿਕਰਮੰਦੀ ਜ਼ਾਹਰ ਕਰਦੀ ਹੈ।*

*ਇਸ ਨਾਲ ਜਿਥੇ ਸਿਹਤ ਦੇ ਵਿਨਾਸ਼ ਵੱਲ ਕਦਮ ਵਧ ਰਹੇ ਹਨ ਉਥੇ ਮਨੁੱਖੀ ਭਾਵਨਾਵਾਂ ਅਤੇ ਪਰਿਵਾਰਕ ਸੰਬੰਧਾਂ ਵਿਚ ਵੀ ਬਹੁਤ ਵੱਡੀਆਂ ਤ੍ਰੇੜਾਂ ਆ ਰਹੀਆਂ ਹਨ ਜਿਹੜੀਆਂ ਸਮੁੱਚੀ ਮਾਨਵਤਾ ਵਾਸਤੇ ਆਤਮਘਾਤੀ ਹਨ। ਇਸ ਮਤੇ ਰਾਹੀਂ ਨਾਮਧਾਰੀ ਦਰਬਾਰ ਇਸ ਗੱਲ ਦੀ ਮੰਗ ਕਰਦਾ ਹੈ ਕਿ ਧਾਰਮਿਕ ਸਮਾਜਿਕ ਅਤੇ ਸੱਭਿਆਚਰਾਕ ਅਦਾਰੇ, ਪ੍ਰਚਾਰ ਮਾਧਿਅਮ ਅਤੇ ਸਰਕਾਰਾਂ ਜ਼ੋਰਦਾਰ ਮੁਹਿੰਮ ਚਲਾਉਣ ਤਾਂ ਕਿ ਨਸ਼ਿਆਂ ਦੇ ਰੋਗ ਨੂੰ ਜੜੋਂ ਪੁਟਿਆ ਜਾ ਸਕੇ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari


੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**ਬੀ.ਬੀ.ਐਲ ਫੂਡਜ਼ ਪ੍ਰਾਈਵੇਟ ਲਿਮਟਡ**

ਸੰਤੋਸ਼ ਨਗਰ 'X' ਰੋਡਜ਼, ਹੈਦਰਾਬਾਦ-500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ

ਹਿੰਦੋਸਤਾਨ ਦੀ ਪਹਿਲੀ ਕੰਪਨੀ

**BBL**

FOODS PVT. LTD.

*Pinoneer Manufacturer in India of*

- *Automatic machines for producing Biscuits*
- *Automatic machines for producing Wafers*

*and*

*Makers of High quality Biscuits*

**BBL Foods Pvt. LTD.**

*Santosh nagar (X) Roads, Hyderabad-500 059 India*

Ph.:— +91-40-4530680, 82,84 Fax:— +91-40-4530475

*E-mail: amber @hd1. vsnl. net. in*

**Balvinder Pal Singh**
*Manging Director*

**Lakhbir Singh Muchhal** *Director*

**Bakhshish Singh Muchhal** *Director*




Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ

—ਡਾ. ਹਰਿਭਜਨ ਸਿੰਘ

ਨਾਮਧਾਰੀ ਸੰਪਰਦਾਇ ਦੇ ਸਿਰਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸੰਪੂਰਨ ਜੀਵਨ ਪਰਮ-ਜੋਤ ਨੂੰ ਸਮਰਪਿਤ ਸੀ। ਇਹੋ ਉਨ੍ਹਾਂ ਦੇ ਜੀਵਨ ਦਾ ਲਕਸ਼ ਸੀ ਤੇ ਇਸ ਲਕਸ਼ ਤੱਕ ਪਹੁੰਚਣ ਦਾ ਮਾਰਗ। ਇੱਕ ਮਨ ਇੱਕ ਚਿਤ, ਇਕਾਗਰਤਾ ਨਾਲ ਉਨ੍ਹਾਂ ਏਸੇ ਦੀ ਸਾਧਨਾ ਅਤੇ ਸੇਵਾ ਕੀਤੀ। ਆਪ ਸਿਮਰਨ ਕੀਤਾ ਅਤੇ ਹੋਰਨਾਂ ਨੂੰ ਸਿਮਰਨ ਲਈ ਪ੍ਰੇਰਿਆ। ਅਜਿਹੇ ਪ੍ਰਭੂ ਸੰਤ ਵੀ ਸੰਸਾਰੀ ਲੋਕਾਂ ਦੇ ਵੈਰ ਵਿਰੋਧ ਦਾ ਨਿਸ਼ਾਨਾ ਬਣਦੇ ਹਨ। ਉਨ੍ਹਾਂ ਦਾ ਆਪਣਾ ਕਥਨ ਹੈ:-



ਸਤਿਗੁਰੂ ਰਾਮ ਸਿੰਘ ਜੀ

*ਗੁਰੂ ਜੀ ਦਾ ਬਚਨ ਹੈ- ਗਿਆਨੀ ਧਿਆਨੀ ਗੁਣੀ ਧਨਾਢ। ਨਾਮ ਜਪਤ ਘਰ ਘਰ ਮੈ ਆਢ। ਨਾਮ ਜਪਣ ਵਾਲਿਆਂ ਕੇ ਸਾਥ ਹਰ ਜਗਾ ਆਢਾ ਕਰਨਗੇ ਸੋ ਪੁੱਜਕੇ ਕੀਤਾ ਸਿਰ ਤਾਈ ਸੋ ਜੀ ਕਿਸੇ ਸਮੇਂ ਦੇ ਸਰਾਫੇ ਹੋਇ ਹੈਨਿ ਏਨਾ ਦੇ ਕੀ ਬਸ ਹੈ।*

ਹੁਕਮਨਾਮਾ-੩

*ਸੋ ਭਾਈ ਮੈ ਤਾਂ ਕਿਸੇ ਨੂੰ ਕੁਛ ਨਹੀਂ ਆਖਦਾ, ਗੁਰੂ ਦੇ ਘਰ ਸਭੋ ਕੁਛ ਬਥੇਰਾ ਹੈ। ਦੇਸ ਮੈ ਸਾਰੇ ਸਿਖਾਂ ਨੇ ਸਾਧਾਂ ਨੇ ਵੈਰ ਕੀਤਾ ਪੁੱਜਕੇ ਵੇਕਾਰਨ। ਅਕਾਲ ਬੁੰਗੇ ਵਾਲਿਆਂ ਨੇ ਵੇਕਾਰਨ ਸਾਰੇ ਦੇਸ ਮੈਂ ਕਲਮ ਲਿਖਕੇ ਫੇਰ ਦਿਤਾ ਅਵਚਲ ਨਗਰੀ ਤਾਈ।*

ਹੁਕਮਨਾਮਾ-੬

*-ਸਾਡੇ ਮਗਰ ਤਾਂ ਬਥੇਰੀ ਭੰਡੀ ਲਾਈ ਹੈ ਸਭਨਾ ਨੇ ਸਿਖਾਂ ਸਾਧਾਂ ਰਾਜਿਆਂ ਨੇ।*

ਹੁਕਮਨਾਮਾ-੩੪

ਇਹ ਕਥਨ ਉਹਨਾਂ ਦੇ ਜੀਵਨ ਅਨੁਭਵ ਦਾ ਨਿਚੋੜ ਹੈ। ਇੱਕ ਹੋਰ ਥਾਂ ਵੀ ਉਹਨਾਂ ਫ਼ਰਮਾਇਆ ਹੈ-

*-ਮੇਰੀ ਵਲ ਵੇਖ ਲਓ ਕੋਈ ਤਾ ਆਧੇ ਹੈਨ ਸਹੁਰੇ ਤਖਾਣ ਨੇ ਮੁਲਖ ਭਰਿਸਟ ਕਰ ਦਿੱਤਾ ਹੈ, ਕੋਈ ਆਧੇ ਹੈਨ ਸਾਨੂੰ ਅੰਮ੍ਰਿਤ ਦਾ ਦਾਨ ਦਿੱਤਾ ਹੈ। ਇਹੋ ਜਹੀ ਚਲੀ ਆਈ ਹੈ ਪਿਛੇ ਤੇ ਲੈ ਕੇ।*

ਹੁਕਮਨਾਮਾ-੫੬

*-ਅਸੀ ਲੁਹਾਰ ਹਾਂ ਸਾਨੂੰ ਗੁਰੂ ਕਰਕੇ ਪੂਜਦੇ ਹੈਨ ਹਜਾਰਾ ਲੋਕ ਨਾਲੇ ਹਜਾਰਾ ਰੁਪਏ ਭੇਟ ਚੜਾਉਦੇ ਹੈਨ। ਤੂੰ ਤਾ ਬ੍ਰਾਹਮਣ ਹੈ ਜੇ ਤੂੰ ਭਜਨ ਕਰੇਗਾ ਤੈਨੂ ਕਿਉਂ ਨਹੀਂ ਲੋਕ ਮੰਨਣਗੇ।*

ਹੁਕਮਨਾਮਾ-੧੭

ਉਹਨਾਂ ਦੇ ਵੇਲੇ ਦੀ ਫ਼ਰੰਗੀ ਸਰਕਾਰ ਨੂੰ ਅਕਾਰਨ ਹੀ ਇਸ ਮਹਾਪੁਰਖ ਤੋਂ ਭੈ ਵਿਆਪਦਾ ਸੀ। ਭੈ ਮੁਕਤ ਹੋਣ ਲਈ ਸਰਕਾਰ ਨੇ ਉਹਨਾਂ ਨੂੰ ਪ੍ਰਦੇਸ ਭੇਜ ਦੇਣ ਦਾ ਫੈਸਲਾ ਕੀਤਾ। ਇਸ ਅਨਿਆਈ ਫੈਸਲੇ ਨਾਲ ਉਹ ਲੋਕ ਬਹੁਤ ਦੁਖੀ ਹੋਏ ਜੋ ਸ੍ਰੀ ਬਾਬਾ ਜੀ ਨੂੰ ਸਤਿਗੁਰੂ ਸਵੀਕਾਰਦੇ ਸਨ। ਉਹਨਾਂ ਦਾ ਵਿਛੋੜਾ ਜਰਨਾ ਇਹਨਾਂ ਸ਼ਰਧਾਲੂ ਲੋਕਾਂ ਲਈ ਬਹੁਤ ਕਠਿਨ ਅਤੇ ਕਸ਼ਟਦਾਇਕ ਸੀ।

ਸਤਿਗੁਰੂ ਜੀ ਨੂੰ ਫ਼ਰੰਗੀ ਸਰਕਾਰ ਨੇ ਰੰਗੂਨ (ਬਰਮਾ) ਵਿੱਚ ਨਜ਼ਰਬੰਦ ਕਰ ਦਿੱਤਾ। ਜਿਸ ਵੱਡੇ ਬੰਗਲੇ ਵਿੱਚ ਕਦੇ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਕੈਦ ਕੀਤਾ ਗਿਆ ਸੀ, ਉਸੇ ਬੰਗਲੇ ਵਿੱਚ ਸ੍ਰੀ ਸਤਿਗੁਰੂ ਜੀ ਰੱਖੇ ਗਏ। ਉਹਨਾਂ ਦਾ ਸਿਰਫ ਇੱਕ ਨਿਜੀ ਸੇਵਕ ਨਾਨੂ ਸਿੰਘ ਉਹਨਾਂ ਦੇ ਨਾਲ ਸੀ। ਸਤਿਗੁਰੂ ਜੀ ਤਾਂ ਆਪ ਪਰਮਜੋਤ ਨਾਲ ਇੱਕ ਮਿਕ ਹੋ ਚੁੱਕੇ ਸਨ। ਆਪਣੇ ਦੇਸ਼ ਤੋਂ ਦੂਰ ਆਪਣੇ ਲੋਕਾਂ ਨਾਲੋਂ ਵਿੱਛੜਕੇ ਉਹ ਵਿਛੋੜੇ ਦਾ ਦੁੱਖ ਤਾਂ ਮੰਨਦੇ ਸਨ ਪਰ ਭਜਨ ਬਾਣੀ ਵਿੱਚ ਲੀਨ ਉਹ ਹਮੇਸ਼ਾ ਅਨੰਦ ਦੀ ਅਵਸਥਾ ਵਿੱਚ ਰਹਿੰਦੇ ਸਨ। ਉਹਨਾਂ ਦਾ ਕਥਨ ਹੈ :



Sri Satguru Jagjit Singh Ji eLibrary NamdhariElibrary@gmail.com

*-ਇਕ ਬਿਛੋੜੇ ਦੇ ਦੁਖ ਬਿਨਾ ਹੋਰ ਕੋਈ ਦੁਖ ਨਹੀਂ ਅੰਬੀਰੀ ਬਣੀ ਹੋਈ ਹੈ।*

*ਹੁਕਮਨਾਮਾ-੧੮*

*-ਐਥੇ ਦੇਖੋ ਬਹੁਤ ਬੁਰੀ ਜਗਾ ਹੈ ਕੈਦ ਕਾਲਾ ਪਾਣੀ। ਪਰੁ ਨਾਮ ਦਾ ਐਸਾ ਪਰਤਾਪੁ ਹੈ ਏਥੇ ਬੀ ਅਸੀਂ ਬਡੇ ਰਾਜੀ ਹਾਂ ਅੰਬੀਰੀ ਵੀ ਤੇ ਫਕੀਰੀ ਵੀ ਦੋਮੈ ਬਰਾਬਰ ਬਣੀਆਂ ਹੋਈਆਂ ਹੈਨ ਕਿਸੇ ਬਾਤ ਦੀ ਬੁਝਿ ਨਹੀਂ ਇਕੁ ਸੰਗਤ ਦਰਸਨ ਬਿਨਾ।*

*ਹੁਕਮਨਾਮਾ-੩੩*

ਪੰਜਾਬ ਦੇ ਸ਼ਰਧਾਲੂ ਲੋਕ ਵੀ ਜਲ ਤੋਂ ਵਿਛੜੀ ਮੀਨ ਵਾਂਗ ਆਪਣੇ ਸਤਿਗੁਰੂ ਦਾ ਵਿਛੋੜਾ ਮਹਿਸੂਸ ਕਰਦੇ ਸਨ। ਕਈ ਸ਼ਰਧਾਲੂ ਭੇਸ ਬਦਲਕੇ ਲੰਮੀਆਂ ਮੰਜ਼ਿਲਾਂ ਮਾਰ ਕੇ ਉਹਨਾਂ ਤੱਕ ਪਹੁੰਚਦੇ ਪਰ ਉਹਨਾਂ ਨੂੰ ਮਿਲਣ ਨਾ ਦਿੱਤਾ ਜਾਂਦਾ। ਇੱਕ ਕਰੜਾ ਪਹਿਰਾ ਸੀ। ਤੇ ਉਹਨਾਂ ਤੱਕ ਪਹੁੰਚਣਾ ਮੁਸ਼ਕਲ ਸੀ। ਤਾਂ ਵੀ ਆਪਣੇ ਸਤਿਗੁਰੂ ਨੂੰ ਮਿਲਣ ਲਈ ਬਿਹਬਲ ਲੋਕ ਕੋਈ ਨਾ ਕੋਈ ਵਸੀਲਾ ਲੱਭਦੇ। ਉਹਨਾਂ ਤੱਕ ਰਸਾਈ ਕਰਦੇ। ਆਪ ਨਾ ਮਿਲ ਸਕਦੇ ਤਾਂ ਆਪਣੀਆਂ ਚਿੱਠੀਆਂ ਉਹਨਾਂ ਤੱਕ ਪਹੁੰਚਾਂਦੇ। ਗੁਰਬਾਣੀ ਦਾ ਫ਼ਰਮਾਨ ਹੈ:

ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ। ਸਮੁੰਦੁ ਸਾਗਰੁ ਹੋਵੈ ਬਹੁ ਖਾਰਾ

ਗੁਰਸਿਖੁ ਲੰਘਿ ਗੁਰੂ ਪਹਿ ਜਾਈ। ਮਹਲਾ-੪

ਇਸ ਕਥਨ ਨੂੰ ਸੱਚ ਕਰ ਵਿਖਾਇਆ ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਨੇ। ਚਿੱਠੀਆਂ ਨੂੰ ਸ਼ਰਧਾਲੂ ਲੋਕ ਹੁਕਮਨਾਮੇ ਕਹਿੰਦੇ ਹਨ ਤੇ ਤਿਆਗ ਦੀ ਮੂਰਤ ਸ੍ਰੀ ਸਤਿਗੁਰੂ ਜੀ ਇਹਨਾਂ ਨੂੰ ਅਰਦਾਸਾਂ/ਹਰਦਾਸਾਂ ਦਾ ਨਾਮ ਦੇਂਦੇ ਹਨ। ਹਰ ਚਿੱਠੀ ਸਮੂਹ ਵਾਸਤੇ ਸੀ। ਹੁਕਮ ਸੀ ਕਿ ਉਹਨਾਂ ਨੂੰ ਜਿੱਥੇ ਵੀ ਲੋੜ ਪਵੇ ਸੁਣਾ ਦਿਓ।

ਲਿਖਤੀ ਚਿੱਠੀਆਂ ਗੁਰੂ ਕੇ ਬੋਲ ਦਾ ਕੰਮ ਵੀ ਸਾਰਦੀਆਂ ਰਹੀਆਂ।

ਬਹੁਤ ਚਿਰ ਬਾਅਦ ਇਹ ਚਿੱਠੀਆਂ ਇੱਕ ਥਾਂ ਇਕੱਤਰ ਹੋਣ ਲੱਗੀਆਂ। ਇੱਕ ਨਾਮਧਾਰੀ ਸਿੰਘ ਸ. ਜਸਵਿੰਦਰ ਸਿੰਘ ਨੂੰ ਜੋ ਚਿੱਠੀਆਂ ਮਿਲੀਆਂ, ਉਹ ਧੰਨਵਾਦ ਸਹਿਤ ਇਸ ਸੰਗ੍ਰਹਿ ਵਿੱਚ ਛਾਪੀਆਂ ਜਾ ਰਹੀਆਂ ਹਨ। ਸ. ਜਸਵਿੰਦਰ ਸਿੰਘ ਦਾ ਜਤਨ ਸੀ ਕਿ ਕੇਵਲ ਪ੍ਰਮਾਣਿਕ ਚਿੱਠੀਆਂ ਹੀ ਛਾਪੀਆਂ ਜਾਣ। ਇਸ ਸੰਬੰਧੀ ਉਹਨਾਂ ਆਪਣੇ ਵਲੋਂ ਜ਼ਰੂਰੀ ਟਿੱਪਣੀਆਂ ਵੀ ਕਿਤੇ ਕਿਤੇ ਲਿਖੀਆਂ ਹਨ। ਉਹ ਵੀ ਸ਼ਾਮਿਲ ਹਨ।

ਇਹਨਾਂ ਦੀ ਪ੍ਰਮਾਣੀਕਤਾ ਹੈ। ਕਿਉਂਕਿ ਇਹਨਾਂ ਨੂੰ ਆਪ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਾਚਿਆ ਹੈ ਅਤੇ ਇਹਨਾਂ ਉੱਤੇ ਆਪਣੀ ਪ੍ਰਵਾਨਗੀ ਦੀ ਮੋਹਰ ਲਾਈ ਹੈ। ਉਹਨਾਂ ਦੀ ਆਗਿਆ ਸਹਿਤ ਹੀ ਇਹਨਾਂ ਨੂੰ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਧਾਰਮਿਕ ਤੌਰ ਉੱਤੇ ਹੀ ਨਹੀਂ ਸਾਹਿਤਕ ਤੌਰ ਤੇ ਵੀ ਇਹ ਲਿਖਤਾਂ ਬੇਸ਼ਕੀਮਤੀ ਖਜ਼ਾਨਾ ਹਨ। ਸਰਲ ਪੰਜਾਬੀ ਵਾਰਤਕ ਦਾ ਅਦਭੁਤ ਨਮੂਨਾ ਹਨ। ਆਸ ਹੈ ਕਿ ਪੰਜਾਬੀ ਸਾਹਿਤ ਦੇ ਇਤਿਹਾਸਵੇਤਾ ਇਹਨਾਂ ਵਲ ਦਿਆਨ ਦੇਣਗੇ ਅਤੇ ਉਂਨੀਵੀਂ ਸਦੀ ਵਿਚੱ, ਉਦੈ ਹੋ ਰਹੀ ਪੰਜਾਬੀ ਵਾਰਤਕ ਦੀ ਨੁਹਾਰ ਨੂੰ ਪਛਾਣਦੇ ਹੋਏ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਇਹਨਾਂ ਨੂੰ ਯੋਗ ਥਾਂ ਦੇਣਗੇ।

ਜੀਵਣ ਕਿੰਨਾਂ ਗੁੰਝਲਦਾਰ ਹੈ ਪਰ ਸਤਿਗੁਰੂ ਜੀ ਨਿਰੋਲ ਭਜਨ ਬੰਦਗੀ ਨੂੰ ਸਮਰਪਿਤ ਹਨ। ਐਸੇ ਪਰਮ-ਸੰਤ ਨੂੰ ਵੇਲੇ ਦੀ ਸਰਕਾਰ ਨੇ ਆਪਣੇ ਲਈ ਖ਼ਤਰਨਾਕ ਸਮਝਿਆ। ਦੇਸ ਬਦਰ ਕਰਕੇ ਉਹਨਾਂ ਦਾ ਤੌਖਲਾ ਖ਼ਤਮ ਨਹੀਂ ਹੋਇਆ। ਬਰਮਾ ਵਿੱਚ ਭਾਵੇਂ ਉਹਨਾਂ ਨੂੰ ਕੈਦ ਕਰ ਦਿੱਤਾ ਜਾਂ ਨਜ਼ਰਬੰਦ ਹੀ ਰੱਖਿਆ। ਉਹਨਾਂ ਦਾ ਕਥਨ ਹੈ:

*-ਅਰ ਹੁਣ ਇਹ ਡਰ ਹੈ ਭਾਈ ਚਿੱਠੀ ਭੇਜਕੇ ਪਿਛੇ ਸੂਝ ਕਰਾ ਦੇਊ ਇਹ ਭਰਮ ਹੈ ਹੁਣ। ਮੇਰੇ ਸਰੀਰ ਦਾ ਕਾਲ ਬਰਗਾ ਭੈ ਹੈ ਏਨਾ ਨੂੰ ਏਸੇ ਕਰਕੇ ਮੇਰੇ ਪਾਸ ਕਿਸੇ ਨੂੰ ਆਉਣ ਨਹੀਂ ਦੇਂਦੇ।*

*ਹੁਕਮਨਾਮਾ-੭*

ਮਨੁੱਖੀ ਇਤਿਹਾਸ ਵਿੱਚ ਐਸੇ ਅਨੇਕਾਂ ਉਦਾਹਰਨ ਮਿਲਦੇ ਹਨ ਜਿਥੇ ਰਾਜੇ-ਮਹਾਰਾਜੇ ਜਾਂ ਸ਼ਾਹ-ਪਾਤਸ਼ਾਹ, ਸੰਤਾਂ-ਫ਼ਕੀਰਾਂ ਤੋਂ ਭੈ ਮੰਨਦੇ ਰਹੇ ਅਤੇ ਉਹਨਾਂ ਨੂੰ ਕਤਲ ਕਰਾਉਣ ਤੱਕ ਗਏ। ਔਰੰਗਜ਼ੇਬ ਨੇ ਆਪਣੇ ਰਾਜ ਕਾਜ ਵਿੱਚ ਸ਼ਾਂਤੀ ਦੀ ਮੂਰਤ, ਗੁਰੂ ਤੇਗ ਬਹਾਦਰ, ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਉਸ ਨੇ ਨੰਗ ਧੜੰਗ ਤੁਰਦੇ ਫਿਰਦੇ ਸੂਫੀ ਫਕੀਰ, ਸਰਮਦ ਨੂੰ ਕਤਲ ਕਰਵਾਇਆ। ਯੋਰਪ ਵਿੱਚ ਨਿਮਾਣੀ ਨਿਤਾਣੀ ਸੈਂਟ ਜੋਨਜ਼ ਨੂੰ ਵੀ ਏਸੇ ਤਰ੍ਹਾਂ ਖਤਮ ਕੀਤਾ ਗਿਆ ਸੀ।

ਸੰਸਾਰੀ ਲੋਕ ਰੱਬ ਨਾਲ ਦਾਅਵਾ ਬੰਨ੍ਹਦੇ ਹਨ। ਇਸ ਲਈ ਨਹੀਂ ਕਿ ਰੱਬ ਉਹਨਾਂ ਦਾ ਬੁਰਾ ਚਿਤਵਦਾ ਹੈ। ਗਲ ਸਿਰਫ਼ ਏਨੀ ਹੈ ਕਿ ਉਹ ਉਹਨਾਂ ਨੂੰ ਆਪਣੀ ਜੀਵਨ ਜਾਂਚ ਤੋਂ ਵੱਖਰਾ ਮਹਿਸੂਸ ਕਰਦੇ ਹਨ। ਏਨਾ ਕੁ ਵੀ ਉਹਨਾਂ ਤੋਂ ਜਰਿਆ ਨਹੀਂ ਜਾਂਦਾ।

ਲੋਕੀ ਬਾਬਾ ਜੀ ਨੂੰ ਸੱਚਾ ਪਾਤਸ਼ਾਹ ਕਹਿਣ ਲੱਗ ਪਏ ਸਨ। ਬਸ ਫ਼ਰੰਗੀ ਸਰਕਾਰ ਨੂੰ ਖ਼ਤਰਾ ਮਹਿਸੂਸ ਹੋਇਆ। ਪਹਿਲੇ ਉਹਨਾਂ ਸਤਿਗੁਰਾਂ ਨੂੰ ਪੰਜਾਬੋਂ ਬਾਹਰ ਕੱਢਿਆ। ਕੁਝ ਮਹੀਨੇ ਅਲਾਹਾਬਾਦ ਵੀ ਰੱਖਿਆ ਪਰ ਏਥੇ ਵੀ ਉਹਨਾਂ ਦਾ ਭੈ ਨਾ ਗਿਆ। ਅਲਾਹਾਬਾਦੋਂ, ਕਲਕੱਤੇ ਰਾਤੋ-ਰਾਤ ਭਿਜਵਾਇਆ ਤੇ ਉਹ ਵੀ ਚੋਰੀ ਚੋਰੀ। ਕਲਕੱਤਿਓਂ ਸਮੁੰਦਰੀ ਜਹਾਜ਼ ਰਾਹੀਂ ਬਰਮਾ ਭੇਜ ਦਿੱਤਾ ਗਿਆ।

ਬਾਬਾ ਜੀ ਤਾਂ ਆਪਣੇ ਸਿੱਖਾਂ ਨੂੰ ਭਜਨ-ਬਾਣੀ ਦੇ ਸਿਵਾ ਹੋਰ ਕੋਈ ਉਪਦੇਸ਼ ਜਾਂ ਹੁਕਮ ਦੇਂਦੇ ਹੀ ਨਹੀਂ ਸਨ। ਉਹਨਾਂ ਦਾ ਸਾਰਾ ਉਪਦੇਸ਼ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਸਿੱਖ ਰਹੁਰੀਤ ਵਾਲਾ ਹੈ। ਉਹਨਾਂ ਦਾ ਸਪਸ਼ਟ ਹੁਕਮ ਸੀ ਕਿ ਮਾਈ ਭਾਈ ਸਭ ਗੁਰਮੁਖੀ ਅੱਖਰ ਪੜ੍ਹੋ ਤੇ ਨਿਤਨੇਮ ਲਈ ਪ੍ਰਵਾਨ ਬਾਣੀਆਂ ਦਾ ਪਾਠ ਕਰੋ।

ਗੁਰੂ ਗ੍ਰੰਥ ਤੇ ਦਸਮ ਗ੍ਰੰਥ ਉਹਨਾਂ ਦੇ ਦੋ ਪਿਆਰੇ ਗ੍ਰੰਥ ਸਨ। ਬਾਣੀਆਂ ਵਿੱਚੋਂ ਜਪੁ, ਜਾਪੁ, ਰਹਿਰਾਸ ਉਪਰ ਉਹਨਾਂ



Sri Satguru Jagjit Singh Ji eLibrary NamdhariElibrary@gmail.com

ਦਾ ਵਿਸ਼ੇਸ਼ ਬਲ ਸੀ। ਹਾਂ ਇੱਕ ਬਾਣੀ ਹੋਰ ਐਸੀ ਹੈ ਜੋ ਉਹ ਚਾਹੁੰਦੇ ਸਨ ਕਿ ਮਾਈ ਭਾਈ ਵਿਸ਼ੇਸ਼ ਤੌਰ ਤੇ ਪੜ੍ਹੇ ਤੇ ਕਦੇ ਨਾ ਖੁੰਝਾਵੇ। ਉਹ ਬਾਣੀ ਹੈ, ਚੰਡੀ ਦੀ ਵਾਰ।

ਸਪਸ਼ਟ ਹੈ ਕਿ ਉਹ ਚਾਹੁੰਦੇ ਸਨ ਕਿ ਉਹਨਾਂ ਦੇ ਸਿੱਖ ਸ੍ਵੈਮਾਨ ਵਿਚ ਪੂਰੇ ਹੋਣ। ਸ੍ਵੈਮਾਨ ਨਾਲ ਜਿਉਣ ਦਾ ਹੱਕ ਤਾਂ ਹਰ ਤਹਿਜ਼ੀਬਯਾਫਤਾ ਦੇਸ ਵਿੱਚ ਆਪ ਸਵੀਕਾਰਿਆ ਗਿਆ ਹੈ। ਇਹ ਕੋਈ ਗੁਨਾਹ ਨਹੀਂ ਅਤੇ ਇਸ ਤੋਂ ਕਿਸੇ ਨੂੰ ਭੈ ਵੀ ਨਹੀਂ ਹੋਣਾ ਚਾਹੀਦਾ।

ਚੰਡੀ ਦੀ ਵਾਰ ਅੱਜ ਵੀ ਸਿੱਖ ਸ਼ੌਕ ਨਾਲ ਪੜ੍ਹਦੇ ਹਨ। ਯੂਨੀਵਰਸਿਟੀਆਂ ਵਿੱਚ ਇਹ ਬਾਣੀ ਕਈ ਪ੍ਰੀਖਿਆਵਾਂ ਲਈ ਪਾਠ-ਪੁਸਤਕ ਵਜੋਂ ਸਵੀਕਾਰ ਕੀਤੀ ਗਈ ਹੈ। ਇਹ ਕੋਈ ਜ਼ਬਤ-ਸ਼ੁਦਾ ਰਚਨਾ ਨਹੀਂ ਸੀ। ਏਸ ਦੇ ਪੜ੍ਹਨ ਤੇ ਕੋਈ ਪਾਬੰਦੀ ਨਹੀਂ ਸੀ। ਸੋ ਇਸ ਵਾਰ ਦੇ ਪੜ੍ਹਨ ਲਈ ਪ੍ਰੇਰਨਾ ਦੇਣ ਵਾਲੇ ਮਹਾਂਪੁਰਖ ਨੂੰ ਕੈਦ ਕਰਨ ਵਿੱਚ ਕੋਈ ਤੁਕ ਨਹੀਂ।

ਇਹ ਲਿਖਦੇ ਹੋਏ ਵੀ ਅਸੀਂ ਚੰਡੀ ਦੀ ਵਾਰ ਦਾ ਪਾਠ ਕਰ ਰਹੇ ਹਾਂ ਤੇ ਸਾਨੂੰ ਇਸ ਵਿੱਚ ਕੋਈ ਖ਼ਤਰੇ ਵਾਲੀ ਜਾਂ ਉਕਸਾਉਣ ਵਾਲੀ ਗਲ ਨਜ਼ਰ ਨਹੀਂ ਆਉਂਦੀ। ਇਥੇ ਸਤਿਗੁਰੂ ਜੀ ਦੇ ਹੁਕਮਨਾਮੇ ਵਿੱਚੋਂ ਕੁਝ ਸਤਰਾਂ ਦਾ ਉਤਾਰਾ ਪੇਸ਼ ਕੀਤਾ ਜਾਂਦਾ ਹੈ ਤਾਂ ਕਿ ਅੰਦਾਜ਼ਾ ਰਹੇ ਕਿ ਉਹ ਇਸ ਰਚਨਾ ਨੂੰ ਗੁਰਬਾਣੀ ਦੀਆਂ ਕਈ ਦੂਜੀਆਂ ਰਚਨਾਵਾਂ ਨਾਲ ਮੇਲ ਕੇ ਹੀ ਵਿਚਾਰਦੇ ਸਨ:

*ਹੋਰ ਹੁਣ ਇਹ ਕਰੋ ਜੇ ਅਖੰਡ ਪਾਠ ਨਹੀਂ ਹੁੰਦਾ ਤਾਂ ਖੁਲੇ ਪਾਠ ਕਰੋ। ਹੋਰ ਭਜਨ ਕੀਤਾ ਜਿਤਨਾ ਹੋਵੇ। ਨਹੀਂ ਤਾਂ ਜਪ ਜਾਪ ਜ਼ਰੂਰ ਕਰ ਲੈਣਾ। ਫੇਰ ਜਿਸ ਵੇਲੇ ਸੂਰਜ ਦੀਆਂ ਰਿਸ਼ਮਾ ਨਿੱਕਲਣ ਲੱਗਣ ਤਾਂ ਉਸ ਵੇਲੇ ਚੰਡੀ ਦੀ ਵਾਰ ਦਾ ਪਾਠ ਕਰਨ ਲਗਣਾ। ਅਰਦਾਸ ਕਰਕੇ ਪਾਠ ਤੋਰਨਾ।* ਹੁਕਮਨਾਮਾ-੧੭

ਚੰਡੀ ਦੀ ਵਾਰ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾ ਹੈ ਇਹ ਰਚਨਾ ਕਰਨ ਵੇਲੇ ਉਹ ਧਰਮ ਯੁੱਧ ਦੀ ਤਿਆਰੀ ਵਿੱਚ ਰੁੱਝੇ ਹੋਏ ਸਨ। ਸੋ ਇਸ ਰਚਨਾ ਨੂੰ ਬੀਰ ਰਸ ਉਪਜਾਉਣ ਵੇਲੇ ਦੀ ਕਿਰਤ ਮੰਨ ਲਿਆ ਜਾਏ ਤਾਂ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ। ਇਸ ਰਚਨਾ ਦੀ ਇੱਕ ਵੱਡੀ ਖ਼ੂਬੀ ਇਹ ਹੈ ਕਿ ਇਹ ਸਾਨੂੰ ਭਾਰਤ ਦੀ ਸਮੁੱਚੀ ਅਧਿਆਤਮਿਕ ਪਰੰਪਰਾ ਨਾਲ ਜੋੜਦੀ ਹੈ। ਕੇਵਲ ਇੱਕੋ ਉਦਾਹਰਨ ਪੇਸ਼ ਕੀਤਾ ਜਾਂਦਾ ਹੈ।

ਤੈ ਹੀ ਦੁਰਗਾ ਸਾਜਿ ਕੈ ਦੈਤਾ ਦਾ ਨਾਸੁ
ਕਰਾਇਆ। ਤੈਥੋ ਹੀ ਬਲੁ ਰਾਮ ਲੈ ਨਾਲਿ ਬਾਣਾ
ਦਹਸਿਰੁ ਘਾਇਆ। ਤੈਥੋਂ ਹੀ ਬਲੁ ਕ੍ਰਿਸਨ ਲੈ
ਕੰਸੁ ਕੇਸੀ ਪਕੜਿ ਗਿਰਾਇਆ। ਬਡੇ ਬਡੇ ਮੁਨਿ
ਦੇਵਤੇ ਕਈ ਜੁਗ ਤਿਨੀ ਤਨੁ ਤਾਇਆ। ਕਿਨੀ
ਤੇਰਾ ਅੰਤੁ ਨ ਪਾਇਆ।

ਸਤਿਗੁਰੂ ਰਾਮ ਸਿੰਘ ਜੀ ਆਪਣੇ ਸਿੱਖਾਂ ਨੂੰ ਭਾਰਤ ਦੀ ਸੰਪੂਰਨ ਅਧਿਆਤਮਿਕ ਪਰੰਪਰਾ ਨਾਲ ਜੋੜਨ ਵਾਲੇ ਸਨ। ਸਿੱਖ ਪਰੰਪਰਾ ਦੇ ਪ੍ਰਤੀ ਉਹਨਾਂ ਦਾ ਵਿਸ਼ੇਸ਼ ਪਿਆਰ ਸੀ। ਉਹਨਾਂ ਦਾ ਆਦੇਸ਼ ਸੀ ਕਿ ਸਿੱਖ ਭਗਉਤੀ ਦਾ ਪਾਠ ਵਿਸ਼ੇਸ਼ ਤੌਰ ਤੇ ਕਰੇ। ਆਪ ਦਾ ਕਥਨ ਹੈ:

*ਅਰ ਭਗੌਤੀ ਚੰਡੀ ਦੀ ਵਾਰ ਦੀ ਪਹਿਲੀ ਪੌੜੀ ਦਾ ਨਾਉ ਹੈ। ਭਗਉਤੀ ਪੜਨੀ। ਸ੍ਰੀ ਗੁਰੂ ਗੋਬਿੰਦ ਸਿੰਘ ਅਕਾਲ ਪੁਰਖ ਜੀ ਸਭ ਥਾਈ ਹੋਇ ਸਹਾਇ। ਭਗੌਤੀਆਂ ਦੇ ਪਾਠ ਦਾ ਵੀ ਗੁਰੂ ਜੀ ਨੇ ਬੜਾ ਮਹਾਤਮ ਲਿਖਾ ਹੈ ਸੌ ਸਾਖੀ ਮੇ। ਜੇ ਇਕੋਤਰ ਸੌ ਪਾਠ ਹੋਵੇ ਤਾ ਬਡਾ ਮਹਾਤਮ ਹੈ ਨਹੀ ਤੇ ਸਠ ਕੇ ਚਾਲੀ ਬੀ ਹੋਇ ਤਾ ਬੀ ਚੰਗਾ ਹੈ।* ਹੁਕਮਨਾਮਾ-੨੦

ਜਰਾ ਕੁ ਧਿਆਨ ਨਾਲ ਦੇਖੋ ਭਗਉਤੀ ਦੇ ਪਾਠ ਤੋਂ ਉਹਨਾਂ ਦਾ ਆਸ਼ਾ ਹੈ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਦਾ ਪਾਠ ਅਰਥਾਤ ਪ੍ਰਿਥਮ ਭਗਉਤੀ ਸਿਮਰਕੈ ਤੋਂ ਲੈ ਕੇ ਸਭ ਥਾਈ ਹੋਇ ਸਹਾਇ ਤਕ। ਇਹ ਪਉੜੀ ਸਿੱਖ ਧਰਮ ਵਿੱਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਹਰ ਅਰਦਾਸ ਵੇਲੇ ਇਸਦਾ ਸਹਿਵਾਨ ਹੀ ਪਾਠ ਹੁੰਦਾ ਹੈ ਅਤੇ ਇਸ ਪਾਠ ਰਾਹੀਂ ਗੁਰਮਤ ਦੀ ਗੁਰੂ ਪਰੰਪਰਾ ਨੂੰ ਦ੍ਰਿੜਾਇਆ ਜਾਂਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਨੂੰ ਭਾਵੇਂ ਨਾਮਧਾਰੀ ਸਿੱਖ ਸਤਿਗੁਰੂ ਰੂਪ ਵਿੱਚ ਪੂਜਦੇ ਹਨ ਪਰ ਆਪ ਉਹਨਾਂ ਨੇ ਬਾਰ ਬਾਰ ਕਿਹਾ ਕਿ ਮੈਂ ਤਾਂ ਗੁਰੂ ਸਹਿਬਾਨ ਦਾ ਰਪਟੀਆ ਹਾਂ ਆਪ ਗੁਰੂ ਨਹੀਂ। ਇਸ ਮਾਮਲੇ ਵਿੱਚ ਉਹ ਅਤੀ ਨਿਰਮਾਣ ਸਨ।

ਆਪ ਪ੍ਰਦੇਸ ਵਿੱਚ ਬੰਦੀਵਾਨ ਦੇ ਤੌਰ ਤੇ ਜੀਵਣ ਬਤੀਤ ਕਰਦੇ ਹੋਏ ਉਹ ਆਪਣੇ ਕਸ਼ਟ ਨਿਵਾਰਨ ਲਈ ਗੁਰੂ ਨੂੰ ਬਾਰ-ਬਾਰ ਧਿਆਉਂਦੇ ਹਨ ਅਤੇ ਕਹਿੰਦੇ ਹਨ:

*ਹੋਰ ਅਸੀਂ ਅਨੰਦ ਹਾਂ ਹਰਿ ਤਰਾਂ ਸੇ। ਇਕ ਸੰਗਤ, ਦੇ ਬਛੋੜੇ ਦਾ ਬਡਾ ਦੁਖ ਹੈ। ਸੋ ਏਹੁ ਦੁਖ ਗੁਰੂ ਸਾਹਿਬ ਦੇ ਮੇਟਨ ਦਾ ਹੈ। ਜਦ ਗੁਰੂ ਚਾਹੂ ਤੁਰਤ ਹੀ ਮੇਟ ਦੇਊਗਾ। ........ਸੋ ਖਾਲਸਾ ਜੀ ਤੁਸੀਂ ਸਭੇ ਗੁਰੂ ਸਾਹਿਬ ਦੇ ਬਚਨਾਂ ਉੱਪਰ ਪਰਤੀਤ ਰਖੋ ਏਹੁ ਬੀ ਦੁਖ ਮੇਟ ਦੇਵੇਗਾ।* ਹੁਕਮਨਾਮਾ-੫

*ਹੋਰ ਜੀ ਅਸੀਂ ਹਰ ਤਰਾ ਸੇ ਸੁਖੀ ਅਨੰਦ ਹੈ ਸੰਗਤ ਨੂੰ ਗੁਰੂ ਸੁਖੀ ਅਨੰਦ ਰਖੇ। ਹਮੇਸਾ ਗੁਰੂ ਜੀ ਪਾਸੋਂ ਏਹੋ ਮੰਗਦੇ ਹਾਂ। ਹੋਰ ਬਹੁਤ ਸੁਖ ਹੈ ਪਰ ਇੱਕ ਦੁਖ ਸਾਨੂੰ ਸੰਗਤਿ ਦੇ ਵਿਛੋੜੇ ਦਾ ਹੈ ਸੋ ਜਦ ਗੁਰੂ ਜੀ ਦਾ ਹੁਕਮ ਹੋਊਗਾ ਤਾਂ ਇਹ ਬੀ ਦੁਖ ਤੁਰਤ ਕਟਿਆ ਜਾਊਗਾ। ਸਭ ਕਿਛ ਗੁਰੂ ਜੀ ਦੇ ਹੁਕਮ ਵਿੱਚ ਹੈ। ਸਾਡੇ ਮਨ ਵਿੱਚ ਕਿਵੇਂ ਹੋਵੇ ਗੁਰੂ ਸਦਾ ਦਇਆਲੂ ਹੈ।*

ਹੁਕਮਨਾਮਾ-੨੧

ਐਸੇ ਮਹਾਂਪੁਰਖ ਦੇ ਮੁਖੋਂ ਚੰਡੀ ਦੀ ਵਾਰ ਉਪਰ ਵਿਸ਼ੇਸ਼ ਬਲ ਇਸੇ ਗੱਲ ਦਾ ਪ੍ਰਮਾਣ ਹੈ ਕਿ ਉਹ ਹਰ ਮਾਈ ਭਾਈ ਨੂੰ ਸਿੱਖ ਪਰੰਪਰਾ ਨਾਲ ਜੋੜਦੇ ਸਨ। ਅਤੇ ਹਰ ਦੁੱਖ ਵਿੱਚ ਏਸੇ ਪਰੰਪਰਾ ਦੀ ਸਰਨ ਤਕਾਉਣ ਦਾ ਉਪਦੇਸ਼ ਦੇ ਰਹੇ ਸਨ। ਅਸਲ ਵਿੱਚ ਇਹਨਾਂ ਦਾ ਸਾਰੇ ਹੁਕਮਨਾਮਿਆਂ ਦਾ ਪਾਠ ਇਸ ਬਾਰੇ ਕੋਈ ਸੰਦੇਹ ਨਹੀਂ ਰਹਿਣ ਦੇਂਦਾ ਕਿ ਉਹ ਪੂਰਬਲੇ ਗੁਰੂ ਸਾਹਿਬਾਨ ਉਪਰ ਵਿਸ਼ਵਾਸ਼ ਨੂੰ ਹੀ ਪ੍ਰਪਕ ਕਰ ਰਹੇ ਸਨ। ਉਹ ਬਰਾਬਰ ਕਹਿੰਦੇ ਹਨ ਕਿ ਮੈਂ ਤਾਂ ਉਹ ਹੀ ਲਿਖਿਆ ਹੈ ਜੋ ਗੁਰੂ ਲਿਖਾਉਂਦਾ ਹੈ। ਹੁਕਮਨਾਮਾ ਵੀ ਗੁਰੂ ਨੇ ਲਿਖ ਰੱਖਿਆ ਹੈ:



Sri Satguru Jagjit Singh Ji eLibrary NamdhariElibrary@gmail.com

*-ਤੁਸੀਂ ਜੋ ਆਖਦੇ ਹੋ ਰਹਿਤ ਦਾ ਹੁਕਮਨਾਮਾ ਦੇਓ ਸੋ ਜੀ ਅਸੀਂ ਕੀ ਹੁਕਮਨਾਮਾ ਦੇਣਾ ਹੈ। ਹੁਕਮਨਾਮਾ ਤਾਂ ਗੁਰੂ ਨੇ ਅਗੇ ਈ ਦੇ ਰਖਾ ਹੈ ਸਾਰੀ ਸੰਗਤ ਕੋ ਅਰ ਸਾਰੇ ਭੇਖਾ ਕੋ ਅਰ ਸਾਰੀਆਂ ਜਾਤਾ ਕੋ।*

*ਹੁਕਮਨਾਮਾ-੨੮*

ਚੰਡੀ ਦੀ ਵਾਰ ਵਿੱਚ ਦੇਵਾਂ ਤੇ ਦੈਤਾਂ ਵਿਚਕਾਰ ਜਿਸ ਜੁਧ ਦਾ ਵਰਨਣ ਹੈ, ਉਸ ਵਿਚਲੇ ਇਤਿਹਾਸਿਕ ਤੇ ਵਾਸਤਵਿਕ ਸਰੂਪ ਦਾ ਪਤਾ ਸਿੱਖ ਧਰਮ ਪਰੰਪਰਾ ਵਿੱਚ ਮਿਲਦਾ ਹੈ। ਸਿੱਖ ਧਰਮ ਦੇ ਆਦਿ ਗੁਰੂ, ਸਾਹਿਬ ਨਾਨਕ ਦੇਵ ਜੀ ਸੱਤਾ ਦੇ ਲੋਭੀ ਤੇ ਹਮਲਾਵਰ ਬਾਬਰ ਦੇ ਬੰਦੀਵਾਨ ਬਣੇ ਸਨ। ਸ਼ਾਂਤੀ ਦੇ ਪੁੰਜ ਪੰਜਵੇਂ ਗੁਰੂ ਸ੍ਰੀ ਅਰਜਨ ਦੇਵ ਜੀ ਮੁਗਲ ਕਾਨੂੰਨ ਯਾਸਾ ਦੇ ਅਧੀਨ ਜਿਸ ਸਿਤਮਗਿਰੀ ਨਾਲ ਸ਼ਹੀਦ ਕੀਤੇ ਗਏ ਉਸਦੀ ਦੂਸਰੀ ਮਿਸਾਲ ਵਿਸ਼ਵ ਇਤਿਹਾਸ ਵਿੱਚ ਨਹੀਂ ਮਿਲਦੀ। ਇਹ ਤੱਥ ਤਾਂ ਸਰਬਵਿੱਦਿਤ ਹੈ ਮੀਰੀ ਪੀਰੀ ਦੇ ਧਾਰਨੀ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਬਾਦਸ਼ਾਹ ਜਹਾਂਗੀਰ ਦੇ ਬੰਦੀਗ੍ਰਹਿ ਵਿੱਚ ਰਹੇ ਸਨ। ਪਰਮਸੰਤ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਨੂੰ ਜਿਸ ਤਰ੍ਹਾਂ ਸ਼ਹੀਦ ਕੀਤਾ ਗਿਆ ਉਹ ਵੀ ਹਾਕਮ ਸ਼੍ਰੇਣੀ ਦੇ ਅਨਿਆਂ ਅਤੇ ਜ਼ੁਲਮ ਦੀ ਅਦੁਤੀ ਮਿਸਾਲ ਹੈ। ਸਿੱਖ ਧਰਮ ਦੇ ਇਸ ਪਿਛੋਕੜ ਵਿੱਚ ਚੰਡੀ ਦੀ ਵਾਰ ਦਾ ਅਧਿਆਨ ਕੀਤਾ ਜਾਏ ਤਾਂ ਉਸ ਦੀ ਗਹਿਰਾਈ ਦਾ ਪਤਾ ਸਹਿਜੇ ਹੀ ਲੱਗ ਜਾਂਦਾ ਹੈ। ਏਸੇ ਪਿਛੋਕੜ ਵਿੱਚ ਸਤਿਗੁਰੂ ਰਾਮ ਸਿੰਘ ਦੇ ਕੈਦ ਕੀਤੇ ਜਾਣ ਦਾ ਅਧਿਐਨ ਕਰੀਏ ਤਾਂ ਸਹਿਜੇ ਪਤਾ ਲੱਗਦਾ ਹੈ ਕਿ ਕਿਉਂ ਫ਼ਰੰਗੀ ਹਾਕਮ ਉਹਨਾਂ ਤੋਂ ਕਾਲ ਵਾਂਗ ਭੈ ਖਾਂਦੇ ਸਨ।

ਚੰਡੀ ਦੀ ਵਾਰ ਨਿਰੋਲ ਬੀਰ ਰਸੀ ਰਚਨਾ ਨਹੀਂ। ਇਹ ਤਾਂ ਗੁਰਬਾਣੀ ਦੇ ਮੂਲ ਉਦੇਸ਼ ਜਨਮ ਮਰਨ ਤੋਂ ਮੁਕਤੀ ਨਾਲ ਸੰਬੰਧਤ ਵਾਰ ਦੇ ਅੰਤ ਉੱਤੇ ਗੁਰੂ ਸਾਹਿਬ ਫ਼ਰਮਾਉਂਦੇ ਹਨ:

-ਦੁਰਗਾ ਪਾਠ ਬਣਾਇਆ ਸਭੇ ਪਉੜੀਆ।  
ਫੇਰਿ ਨਾ ਜੂਨੀ ਆਇਆ ਜਿਨਿ ਇਹੁ ਗਾਇਆ।

ਬੀਰ ਰਸ ਤੇ ਸਾਂਤ ਰਸ ਦਾ ਅਦੁਤੀ ਸੁਮੇਲ ਹੈ ਚੰਡੀ ਦੀ ਵਾਰ। ਐਸਾ ਸੁਮੇਲ ਹੋਰ ਥਾਂ ਮਿਲਣਾ ਮੁਸ਼ਕਲ ਹੈ।

ਦਸਮ ਗ੍ਰੰਥ ਵਿੱਚ ਇੱਕ ਹੋਰ ਰਚਨਾ ਹੈ। ਸ੍ਰੀ ਭਗਉਤੀ ਬਾਰੇ, ਇਸ ਰਚਨਾ ਦਾ ਨਾਂ ਹੈ ਉਗ੍ਰਦੰਤੀ। ਉਸ ਵਿੱਚ ਸੂਰਬੀਰਤਾ ਅਤੇ ਅਧਿਆਤਮਿਕਤਾ ਦੇ ਸੁਮੇਲ ਦਾ ਯਤਨ ਹੈ। ਜੇ ਕਿਸੇ ਇੱਕ ਪੰਕਤੀ ਵਿਚ ਉਚ ਭਗਉਤੀ ਸ਼ੇਰ ਉਤੇ ਸਵਾਰ ਵੈਰੀਆਂ ਦਾ ਨਾਸ ਕਰਦੀ ਕਹੀ ਗਈ ਹੈ ਤਾਂ ਦੂਜੀ ਪੰਕਤੀ ਵਿੱਚ ਉਹਦੇ ਸਾਰਦਾ ਰੂਪ ਦਾ ਵਰਨਣ ਹੈ। ਜਿੱਥੇ ਉਹ ਬ੍ਰਹਮ ਵਿੱਦਿਆ ਪੜ੍ਹਦੀ ਪੜ੍ਹਾਉਂਦੀ ਨਜ਼ਰ ਆਉਂਦੀ ਹੈ:-

ਨਮੋ ਕੇਹਰੀ ਬਾਹਨੀ ਸਤ੍ਰ ਹੰਤੀ।  
ਨਮੋ ਸਾਰਦਾ ਬ੍ਰਹਮ ਵਿਦਿਆ ਪੜ੍ਹੰਤੀ।

ਸਤਿਗੁਰੂ ਰਾਮ ਸਿੰਘ ਜੀ ਦੀ ਉਪਦੇਸ਼ੀ ਹੋਈ ਅਧਿਆਤਮਿਕਤਾ ਦਾ ਵਿਲੱਖਣ ਸਰੂਪ ਇਹ ਹੈ ਕਿ ਉਹ ਅਧਿਆਤਮਿਕਤਾ ਨੂੰ ਸੂਰਬੀਰਤਾ ਨਾਲ ਇੱਕਮਿਕ ਕਰ ਦੇਂਦੇ ਹਨ। ਏਸੇ ਸਰੂਪ ਦੀ ਪਾਲਣਾ ਕਰਦੇ ਹੋਏ ਅੰਮ੍ਰਿਤਸਰ ਵਿੱਚ ਗਊ ਰੱਖਿਆ ਸੰਬੰਧੀ ਸਾਕਾ ਹੋਇਆ ਅਤੇ ਸੂਰਬੀਰ ਸੰਤਾਂ ਨੇ ਹੱਸ-ਹੱਸ ਕੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਇਸ ਸਾਕੇ ਦਾ ਇੱਕ ਜੁੜਵਾਂ ਕਾਰਨ ਇਹ ਵੀ ਸੀ ਕਿ ਇਹ ਸੰਤ ਸਿਪਾਹੀ ਸ੍ਰੀ ਹਰਿਮੰਦਰ ਸਾਹਿਬ ਦੀ ਦੈਵੀ ਪਵਿੱਤਰਤਾ ਦੀ ਰੱਖਿਆ ਕਰਨਾ ਚਾਹੁੰਦੇ ਸਨ।

ਦੈਵੀ ਤਪੱਸਿਆ ਅਤੇ ਇਸ ਧਰਤੀ ਦੀ ਆਜ਼ਾਦੀ ਸੰਬੰਧੀ ਸਮੱਸਿਆ ਇਹਨਾਂ ਸੂਰਬੀਰ ਸੰਤਾਂ ਦੀ ਨਜ਼ਰ ਵਿੱਚ ਇੱਕ ਦੂਜੀ ਤੋਂ ਵੱਖਰੀਆਂ ਨਹੀਂ ਸਨ। ਦੇਸ਼ ਦੀ ਆਜ਼ਾਦੀ ਲਈ ਲੜਨਾ ਵੀ ਉਹਨਾਂ ਵਾਸਤੇ ਉਹਨਾਂ ਦੀ ਦੈਵੀ ਸਾਧਨਾ ਦਾ ਹੀ ਇੱਕ ਅੰਗ ਸੀ। ਪਰਮਾਤਮਾ ਨਾਲ ਜੁੜਨ ਵਾਲੇ ਸਤਿਗੁਰੂ ਜੀ ਬੜੀ ਸਪੱਸ਼ਟਤਾ ਨਾਲ ਉਪਦੇਸ਼ ਦੇਂਦੇ ਹਨ ਕਿ ਅੰਗਰੇਜ਼ ਦੀ ਨੌਕਰੀ ਨਹੀਂ ਕਰਨੀ:

*-ਹੋਰੁ ਭਾਈ ਏਨਾ ਦਾ ਨੌਕਰ ਕੋਈ ਨਾ ਰਹੇ। ਜੋ ਰਹੁ ਸੋ ਬਹੁਤ ਔਖਾ ਹੋਊਗਾ। ਏਨਾ ਨੂ ਤਾ ਗੁਰੂ ਸਾਹਿਬ ਦਾ ਅਨਿਕ ਭਾਤ ਦੀ ਮਾਰ ਦਾ ਹੁਕਮ ਹੈ, ਅਗੇ ਗੁਰੂ ਜਾਣੇ।*

*ਹੁਕਮਨਾਮਾ-੩*

ਲੋਕ ਅਤੇ ਪਰਲੋਕ ਦੀ ਏਕਤਾ ਸ੍ਰੀ ਸਤਿਗੁਰੂ ਸਾਹਿਬ ਦੀ ਸੰਯੁਕਤ ਦ੍ਰਿਸ਼ਟੀ ਦਾ ਸਹਿਜ ਕ੍ਰਿਸ਼ਮਾ ਹੈ। ਇਸ ਸੰਯੁਕਤੀ ਨੂੰ ਸਮਝੇ ਬਗੈਰ ਨਾਮਧਾਰੀ ਲਹਿਰ ਦੀ ਸਮਝ ਨਹੀਂ ਆਉਂਦੀ। ਇਹ ਲਹਿਰ ਏਸੇ ਸੰਯੁਕਤੀ ਕਾਰਨ ਮੁਕਤੀ ਅਤੇ ਆਜ਼ਾਦੀ ਦੋਹਾਂ ਦਾ ਪ੍ਰਤੀਕ ਬਣ ਗਈ।

ਪਰਮ ਸ਼ਕਤੀ ਨਾਲ ਜੁੜੇ ਹੋਏ ਇਹ ਲੋਕ ਸਹਿਜੇ ਹੀ ਰਾਜ-ਸੱਤਾ ਨਾਲ ਨਾ-ਮਿਲਵਰਤਨ ਕਰਦੇ ਰਹੇ। ਭਗਤੀ ਵਿੱਚ ਜੁੜਨਾ ਅਤੇ ਰਾਜਸੀ ਸ਼ਕਤੀ ਤੋਂ ਕਿਨਾਰਾ-ਕੱਸ਼ੀ ਕਰਨਾ ਇਹਨਾਂ ਸੰਤ ਸਿਪਾਹੀਆਂ ਲਈ ਸਹਿਜ ਸੰਭਵ ਸੀ। ਇਹ ਗੱਲ ਆਮ ਲੋਕਾਂ ਨੂੰ ਏਨੀ ਅਜੀਬ ਜਾਪਦੀ ਰਹੀ ਹੈ ਕਿ ਐਨਸਾਈਕਲੋਪੀਡੀਆ ਬ੍ਰਿਟੇਨਿਕਾ ਤੱਕ ਦੀ ਇੱਕ ਇੰਦਰਾਜ ਵਿੱਚ ਲੇਖਕ ਨੂੰ ਹੈਰਾਨੀ ਨਾਲ ਮੰਨਣਾ ਪਿਆ ਕਿ (ਗੁਰੂ) ਰਾਮ ਸਿੰਘ ਫਿਲਾਸਫਰ ਤੇ ਸੁਧਾਰਕ ਅਤੇ ਅੰਗਰੇਜ਼ੀ ਵਪਾਰੀ ਮਾਲ ਤੇ ਨੌਕਰੀਆਂ ਪ੍ਰਤੀ ਨਾ-ਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਣ ਵਾਲਾ ਪਹਿਲਾਂ ਭਾਰਤੀ ਹੈ।

"(Guru) Ram Singh, Sikh Philospher and reformer and the first Indian to use non co-operation and boycott of the British merchandise and services as a political weapon."

Encyclopaedia Britanica Vol.8 Page.142

ਨਿਸਚੇ ਹੀ ਚੰਡੀ ਦੀ ਵਾਰ ਦਾ ਇਹ ਮਹਾਤਮ ਸਤਿਗੁਰੂ ਰਾਮ ਸਿੰਘ ਦੇ ਮਨ ਵਿੱਚ ਵੀ ਸੀ ਜਦੋਂ ਉਹ ਇਸ ਰਚਨਾ ਨੂੰ ਨਿਤਨੇਮ ਵਿੱਚ ਸ਼ਾਮਿਲ ਕਰਨ ਤੇ ਜ਼ੋਰ ਦੇਂਦੇ ਹਨ। ਮਾਈ ਭਾਈ



Sri Satguru Jagjit Singh Ji eLibrary NamdhariElibrary@gmail.com

ਸਭਨਾਂ ਨੂੰ ਉਹਨਾਂ ਦੀ ਪ੍ਰੇਰਨਾ ਸੀ ਕਿ ਚੰਡੀ ਦੀ ਵਾਰ ਦਾ ਨਿਤਨੇਮੀ ਪਾਠ ਕਦੀ ਖੁੰਝਾਇਆ ਨਾ ਜਾਏ:

*ਜੇ ਉਗ੍ਰ-ਦੰਤੀ ਚੰਡੀ ਚਰਿਤ੍ਰ ਦਾ ਹੋਵੇ ਤਾਂ ਅੱਛਾ ਹੈ। ਨਹੀਂ ਤਾ ਚੰਡੀ ਦੀ ਵਾਰ ਦਾ ਪਾਠ ਜ਼ਰੂਰੀ ਕਰਨਾ ਲਿਖਾ ਹੈ ਗੁਰੂ ਜੀ ਨੇ।*

*ਹੁਕਮਨਾਮਾ-੨੦*



ਪ੍ਰੋ. ਪ੍ਰੀਤਮ ਸਿੰਘ ਪਟਿਆਲਾ, ਸਤਿਗੁਰੂ ਜਗਜੀਤ ਸਿੰਘ ਜੀ ਅਤੇ ਲੇਖਕ ਡਾ. ਹਰਿਭਜਨ ਸਿੰਘ।

ਦੇਵੀ ਚੰਡੀ ਨੂੰ ਧਰਮ ਜੁਧ ਦੀ ਨਾਇਕ ਵਜੋਂ ਪੇਸ਼ ਕਰਨ ਵਿੱਚ ਇਕ ਰਹਸ ਇਹ ਵੀ ਹੈ ਕਿ ਦਸਮ ਗੁਰੂ ਸਿੱਖ ਬੀਬੀਆਂ ਵਿੱਚ ਵੀ ਸੂਰਬੀਰਤਾ ਦਾ ਸੰਚਾਰ ਕਰਨਾ ਲੋਚਦੇ ਸਨ। ਸਤਿਗੁਰੂ ਰਾਮ ਸਿੰਘ ਵੀ ਇਸੇ ਗੱਲ ਤੇ ਜ਼ੋਰ ਦੇਂਦੇ ਸਨ ਕਿ ਬੀਬੀਆਂ ਅੱਖਰ ਪੜ੍ਹਨ ਅਤੇ ਬਾਣੀ ਕੰਠ ਕਰਨ। ਆਪਣੇ ਹੁਕਮਨਾਮਿਆਂ ਵਿੱਚ ਉਹ ਬੀਬੀਆਂ ਪ੍ਰਤੀ ਵਿਸ਼ੇਸ਼ ਆਦਰ ਪ੍ਰਗਟਾਉਂਦੇ ਹੋਏ ਉਹਨਾਂ ਨੂੰ ਰਾਮ ਸੱਤ ਬੁਲਾਉਣ ਮੌਕਾ ਕਦੇ ਨਹੀਂ ਖੁੰਝਾਉਂਦੇ।

ਇਸਤਰੀ ਜਾਤੀ ਨਾਲ ਵਿਸ਼ੇਸ਼ ਅਨਿਆਂ ਵਿਆਹਾਂ ਦੇ ਮਾਮਲੇ ਵਿੱਚ ਹੁੰਦਾ ਰਿਹਾ ਹੈ। ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਧੀਆਂ ਭੈਣਾਂ ਦਾ ਵਿਆਹ ੧੮ ਸਾਲ ਦੀ ਉਮਰ ਤੋਂ ਪਹਿਲਾਂ ਨਾ ਕੀਤਾ ਜਾਏ। ਉਹਨਾਂ ਇਹ ਵੀ ਕਿਹਾ ਕਿ ਕੋਈ ਧੀਆਂ ਨੂੰ ਕਿਸੇ ਮਜਬੂਰੀ ਵੱਸ ਵੀ ਕਿਸੇ ਵਡੇਰੀ ਉਮਰ ਦੇ ਬੰਦੇ ਨਾਲ ਨਾ ਵਿਆਹੇ, ਧੀਆਂ ਦਾ ਪੈਸਾ ਨਾ ਲਏ, ਜਾਂ ਵੱਟਾ ਨਾ ਕਰੇ। ਇਸ ਮਾਮਲੇ ਵਿੱਚ ਉਹਨਾਂ ਦਾ ਹੁਕਮ ਬੜਾ ਸਖ਼ਤ ਹੈ। ਉਹਨਾਂ ਏਥੇ ਤੱਕ ਕਿਹਾ ਕਿ ਜੋ ਆਦਮੀ ਧੀ ਪ੍ਰਤੀ ਅਨਿਆਂ ਕਰਦਾ ਹੈ, ਉਸ ਨਾਲ ਮਿਲਿਆ ਵਰਤਿਆ ਨਾ ਜਾਏ ਤੇ ਉਹਨੂੰ ਸੰਗਤ ਵਿੱਚ ਬੈਠਣ ਦੇ ਯੋਗ ਵੀ ਨਾ ਸਮਝਿਆ ਜਾਏ, ਆਪਦਾ ਫ਼ੁਰਮਾਨ ਹੈ:

*ਹੋਰ ਲਟਕੇ ਲਟਕੀਆਂ ਨੂੰ ਅੱਖਰ ਪੜਾਇ ਦੇਣੇ। ਹੋਰ ਲਟਕੀ ਨਾ ਕਿਸੇ ਮਾਰਨੀ ਨ ਕਿਸੇ ਵਟਾ ਕਰਨਾ, ਨਾ ਲਟਕੀ ਦੇ ਦਮ ਲੈਣੇ। ਜੇਹੜਾ ਲਟਕੀ ਮਾਰੇ ਬੇਚੇ ਵਟਾ ਕਰੇ ਉਸ ਦੇ ਹਥ ਦਾ ਘਰ ਦਾ ਅੰਨ ਪਾਣੀ ਨਹੀਂ ਵਰਤਣਾ। ਉਸਨੂੰ ਸੰਗਤ ਵਿੱਚ ਨਹੀਂ ਬੜਨ ਦੇਣਾ। ਹੁਣ ਤੇ ਪਿਛੇ ਭਾਵੇਂ ਕੁਝ ਕੀਤਾ ਹੋਵੇ ਅੱਗੇ ਸਮਝਕੇ ਵਰਤਨਾ।*

*ਹੁਕਮਨਾਮਾ-੨੦*

*ਗੁਰੂ ਜੀ (ਗੁਰੂ ਗੋਬਿੰਦ ਸਿੰਘ) ਦਾ ਬੀ ਏਹੋ ਹੁਕਮੁ ਹੈ ਜੋ ਅਠਾਰਾਂ ਬਰਸ ਦੀ ਲੜਕੀ, ਬੀਸ ਬਰਸ ਦਾ ਲੜਕਾ ਹੋਵੇ ਤੇ ਬਿਆਹੁ ਕਰਨਾ, ਉਰੇ ਨਹੀਂ ਕਰਨਾ। ਓਹ ਹੁਕਮ ਗੁਰੂ ਜੀ ਨੇ ਏਸੇ ਸੰਤ ਖਾਲਸੇ ਦੇ ਵਾਸਤੇ ਲਿਖਾ ਹੈ। ਸੋ ਜੇ ਅਸੀਂ ਨਹੀਂ ਮੰਨਾਂਗੇ ਤਾਂ ਹੋਰ ਕੌਣ ਮੰਨੂਗਾ ਗੁਰੂ ਦਾ ਹੁਕਮ?*

*ਹੁਕਮਨਾਮਾ-੨੩*

ਉਨੀਵੀਂ ਸਦੀ ਦੇ ਪੇਂਡੂ ਪੰਜਾਬੀ ਮਾਹੌਲ ਵਿੱਚ ਇਸਤਰੀ ਜਾਤ ਪ੍ਰਤੀ ਇਸ ਤਰ੍ਹਾਂ ਦਾ ਸਰੋਕਾਰ ਨਿਸਚੇ ਹੀ ਕ੍ਰਾਂਤੀਕਾਰੀ ਸੀ। ਗੁਰੂ ਨਾਨਕ ਦੇਵ ਨੇ ਫ਼ਰਮਾਇਆ ਸੀ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।

ਮਹਲਾ-੧

ਉਸੇ ਪੈੜ ਦੇ ਚਲਦਿਆਂ ਸਤਿਗੁਰੂ ਰਾਮ ਸਿੰਘ ਨੇ ਇਸਤਰੀ ਜਾਤੀ ਦੀ ਮੰਦੀ ਹਾਲਤ ਨੂੰ ਸੁਧਾਰਨ ਵੱਲ ਸਖ਼ਤ ਕਦਮ ਚੁੱਕੇ।

ਸਤਿਗੁਰੂ ਜੀ ਨੇ ਆਪਣੇ ਸਿੱਖਾਂ ਦੀ ਰਹਿਤ ਬਹਿਤ ਲਈ ਜੋ ਸੰਖੇਪ ਜਿਹੇ ਉਪਦੇਸ਼ ਜਾਂ ਸੁਝਾਉ ਦਿੱਤੇ ਹਨ ਉਹਨਾਂ ਵਿੱਚ ਵੀ ਇਸਤਰੀ ਜਾਤ ਦੀ ਮਾਨਸਿਕਤਾ ਪ੍ਰਤੀ ਆਦਰ ਦੀ ਝਲਕ ਵਿਖਾਈ ਦੇਂਦੀ ਹੈ। ਸਰੀਰਕ ਸਵੱਛਤਾ ਉੱਪਰ ਸਤਿਗੁਰੂ ਜੀ ਬੜਾ ਜ਼ੋਰ ਦਿੰਦੇ ਹਨ। ਇਸਤਰੀ ਦੇ ਸੁਭਾ ਨੂੰ ਜਾਨਣ ਵਾਲੇ ਤੋਂ ਇਹ ਗੱਲ ਗੁਝੀ ਨਹੀਂ ਕਿ ਇਸਤਰੀ, ਮਰਦ ਦੇ ਮੁਕਾਬਲੇ ਜ਼ਿਆਦਾ ਸਵੱਛ ਰਹਿਣਾ ਪਸੰਦ ਕਰਦੀ ਹੈ ਤੇ ਬਿਲਕੁਲ ਨਹੀਂ ਚਾਹੁੰਦੀ ਕਿ ਉਹਦੇ ਘਰ ਦਾ ਕੋਈ ਜੀਅ ਇਸ ਗੱਲੋਂ ਘੌਲ ਵਰਤੇ। ਸਤਿਗੁਰੂ ਜੀ ਤਾਂ ਏਥੇ ਤੱਕ ਕਹਿੰਦੇ ਹਨ ਕਿ ਪੁਰਖ ਆਪਣੇ ਘਰ ਦੇ ਚੌਂਕੇ ਵਿੱਚ ਵੀ ਪ੍ਰਵੇਸ਼ ਕਰੇ ਤਾਂ ਪਹਿਲਾਂ ਆਪਣੇ ਪੈਰ ਧੋ ਲਵੇ:

*-ਚੌਂਕੇ ਵਿੱਚ ਚਰਨ ਧੋਇਕੇ ਬੜਨਾ।* *-ਰਹਿਤਨਾਮਾ*

ਪਰਵਾਰ ਬਾਹਰੀ ਕਾਮੁਕਤਾ ਤੋਂ ਵੀ ਸਤਿਗੁਰੂ ਜੀ ਬੰਦੇ ਨੂੰ ਬੜੀ ਦ੍ਰਿੜਤਾ ਨਾਲ ਹੋੜਦੇ ਹਨ। ਇੱਕ ਹੁਕਮ ਨਾਮ ਵਿੱਚ ਉਹਨਾਂ ਕਿਹਾ ਹੈ-

*-ਤੈ ਇਹੁ ਹਛੀ ਨਾ ਕੀਤੀ ਜੋ ਰੰਡੀ ਦਾ ਸੰਗ ਕੀਤਾ। ਤੂ ਘਰ ਰਹਿੰਦਾ ਤੈਨੂ ਕੀ ਘਾਟਾ ਸੀ। ਰੰਡੀ ਦੇ ਸੰਗਿ ਤੇ ਇਕ ਤਾ ਸਰੀਰ*



Sri Satguru Jagjit Singh Ji eLibrary NamdhariElibrary@gmail.com

*ਨੂ ਦੁਖ ਲਗ ਜਾਂਦਾ ਹੈ। ਦੂਜਾ ਪੈਸਾ ਬਰਬਾਦ ਜਾਂਦਾ ਹੈ, ਤੀਆ ਧਰਮ ਜਾਂਦਾ ਹੈ, ਚੌਥਾ ਲੋਕਾਂ ਮੈ ਬਹੁਤ ਭੰਡੀ ਹੁੰਦੀ ਹੈ।*

ਹੁਕਮਨਾਮਾ-੪੯

ਇਹਨਾਂ ਪੱਤਰਿਆਂ ਨੂੰ ਪੜ੍ਹਨ ਤੋਂ ਇੱਕ ਗੱਲ ਬੜੀ ਸਪਸ਼ਟਤਾ ਨਾਲ ਉਜਾਗਰ ਹੁੰਦੀ ਹੈ ਕਿ ਵਿਅਕਤੀ ਨੂੰ ਉਪਦੇਸ਼ ਦੇਣ ਵੇਲੇ ਸਤਿਗੁਰੂ ਜੀ ਉਸਦੇ ਸਮੂਹ ਪਰਵਾਰ ਨੂੰ ਧਿਆਨ ਵਿੱਚ ਰੱਖਦੇ ਹਨ। ਸਵੱਛ ਵਿਅਕਤੀ ਪਰਵਾਰ ਵਿੱਚ ਵੀ ਸਵੱਛ ਹੈ। ਪਰਵਾਰ ਤੋਂ ਉੱਖੜਕੇ ਉਹ ਆਪਣੀ ਸਵੱਛਤਾ ਵੀ ਗੁਆ ਬੈਠਦਾ ਹੈ। ਬਾਕੀ ਚੰਡੀ ਨੂੰ ਵੀਰ ਨਾਇਕ ਦੀ ਪਦਵੀ ਦੇ ਕੇ ਉਹਨਾਂ ਇਸਤਰੀ ਨੂੰ ਦ੍ਰਿੜ ਕਰਵਾ ਦਿੱਤਾ ਹੈ ਕਿ ਉਹ ਹਰ ਮੈਦਾਨ ਵਿੱਚ ਜੂਝਣ ਦੇ ਸਮਰਥ ਹੈ। ਮਾਈ ਭਾਈ ਸਭਨਾ ਲਈ ਚੰਡੀ ਦੀ ਵਾਰ ਦਾ ਪਾਠ ਲਾਜ਼ਮੀ ਕਰਕੇ ਉਹਨਾਂ ਇਹੋ ਤੱਥ ਮਰਦਾਂ ਨੂੰ ਵੀ ਸਮਝਾ ਦਿੱਤਾ ਹੈ।

ਮਰਦ ਪ੍ਰਧਾਨ ਸਮਾਜ ਵਿੱਚ ਮਰਦ ਵਿੱਚ ਹਉਮੈ ਦਾ ਸੰਚਾਰ ਸਹਿਜੇ ਹੀ ਹੋ ਜਾਂਦਾ ਹੈ ਤੇ ਗੁਰਬਾਣੀ ਹਉਮੈ ਦਾ ਨਾਸ਼ ਉਪਰ ਬੜੀ ਦ੍ਰਿੜਤਾ ਨਾਲ ਜ਼ੋਰ ਦਿੰਦੀ ਹੈ। ਸਤਿਗੁਰੂ ਦੇ ਉਪਦੇਸ਼ਾਂ ਵਿੱਚ ਕਿਤੇ ਪਰਤੱਖ ਅਤੇ ਕਿਤੇ ਪਰੋਖ ਇਸਤਰੀ ਪ੍ਰਤੀ ਜੋ ਆਦਰ ਦਾ ਭਾਵ ਹੈ ਉਹ ਪੁਰਖ ਜਾਤੀ ਦੀ ਹਉਮੈ ਉੱਪਰ ਪਰਹਾਰ ਕਰਦੀ ਹੈ ਅਤੇ ਉਹਨੂੰ ਸਾਵਾਂ ਪੱਧਰਾ ਜੀਵਣ ਜਿਊਣ ਲਈ ਪ੍ਰੇਰਨਾ ਦਿੰਦੀ ਹੈ।

ਇਹਨਾਂ ਪੱਤਰਿਆਂ ਦੀ ਵੱਡੀ ਖੂਬੀ ਇਨ੍ਹਾਂ ਦੀ ਸਰਲਤਾ ਹੈ। ਵਿਸ਼ੇ ਵਸਤੂ ਅਤੇ ਭਾਸ਼ਾ ਦੋਹਾਂ ਪੱਖਾਂ ਤੋਂ ਇਹ ਉਪਦੇਸ਼ ਸਰਲ ਹਨ। ਜਿਵੇਂ ਸਰਲ ਵਾਕ ਹੁੰਦਾ ਹੈ ਜਿਸ ਵਿੱਚ ਕੇਵਲ ਇੱਕੋ ਕਿਰਿਆ ਹੋਵੇ। ਇਸੇ ਤਰ੍ਹਾਂ ਸਰਲ ਰਚਨਾ ਉਹ ਹੈ ਜਿਸ ਦਾ ਵਿਸ਼ੇ ਵਸਤੂ ਆਦਿ ਅੰਤ ਇੱਕ ਅਤੇ ਕੇਵਲ ਇੱਕ ਹੋਵੇ। ਇਹਨਾਂ ਪੱਤਰਾਂ ਵਿੱਚ ਉਪਦੇਸ਼ਾਂ ਦੀ ਭਰਮਾਰ ਜਾਂ ਜਟਿਲਤਾ ਵਿਖਾਈ ਨਹੀਂ ਦਿੰਦੀ। ਨੇਕ ਜੀਵਨ ਜਿਊਣਾ ਇਹਨਾਂ ਦਾ ਇੱਕੋ ਇੱਕ ਵਿਸ਼ਾ ਹੈ।

ਉਪਦੇਸ਼ ਦਿੰਦੇ ਹੋਏ ਕਈ ਵਾਰ ਸਤਿਗੁਰੂ ਜੀ ਸਮਝਾਉਂਦੇ ਹਨ ਕਿ ਅੱਗੇ ਤੁਸੀਂ ਸਿਆਣੇ ਹੋ ਜਿਵੇਂ ਠੀਕ ਸਮਝੋ ਓਦਾਂ ਕਰੋ। ਨੇਕੀ ਦਾ ਨਿਰਨਾ ਵੀ ਉਹ ਵਿਅਕਤੀ ਦੀ ਸਧਾਰਨ ਸੂਝ ਤੇ ਛੱਡ ਦਿੰਦੇ ਹਨ।

*-ਜਹਾ ਜਹਾ ਤੁਸੀਂ ਜਾਮੋ ਤਹਾ ਤਹਾ ਸਰਬਤਿ ਸੰਗਤ ਨੂੰ ਸਾਡੀ ਵਾਹਿਗੁਰੂ ਜੀ ਦੀ ਫਤਹ ਗਜਾਇ ਦੇਣੀ ਹੋਰ ਪਾਠ ਦਾ, ਹੋਰ ਸਭ ਬਚਨ ਸੁਣਾ ਦੇਣੇ। ਅੱਗੇ ਮੰਨਣ ਵਾਲੇ ਜਾਨਣ-*

ਹੁਕਮਨਾਮਾ-੬

*-ਗੁਰੂ ਸਾਹਿਬ ਜੀ ਨੇ ਸੂਰ ਗਾਇ ਲਿਖਾ ਹੈ ਬਗਾਨੇ ਪਦਾਰਥ ਨੂੰ ਅੱਗੇ ਤੁਸੀਂ ਜਾਣੋ।* ਹੁਕਮਨਾਮਾ-੨੧

ਨੇਕ ਬੰਦੇ ਲਈ ਜ਼ਰੂਰੀ ਹੈ ਕਿ ਉਹ ਆਪਣੀ ਨੇਕੀ ਦਾ ਜੱਜ ਆਪ ਬਣਨ ਦੀ ਕੋਸ਼ਿਸ਼ ਕਰੇ। ਵਿਚਾਰਹੀਨ ਬੰਦਾ ਭਾਵੇਂ ਕਿੰਨਾ ਨੇਕ ਹੋਵੇ ਨੇਕੀ ਦੇ ਰਸਤੇ ਤੋਂ ਸਹਿਜੇ ਹੀ ਖਿੜਕ ਸਕਦਾ ਹੈ। ਸਾਬਤ ਕਦਮ ਰਹਿਣ ਲਈ ਸਧਾਰਨ ਵਿਚਾਰਕਤਾ ਨੂੰ ਕਦੇ ਨਹੀਂ ਤਿਆਗਣਾ ਚਾਹੀਦਾ।

ਭਾਸ਼ਾ ਦੀ ਦ੍ਰਿਸ਼ਟੀ ਤੋਂ ਵੀ ਇਹ ਰਚਨਾ ਬਹੁਤ ਸਰਲ ਹੈ। ਸਰਲ ਸ਼ਬਦਾਵਲੀ, ਨਿਕੇ-ਨਿਕੇ ਅਤੇ ਸਰਲ ਵਾਕਾਂ ਰਾਹੀਂ ਸਰਲ ਹੋਣਾ ਬੜਾ ਕਠਿਨ ਕਾਰਜ ਹੈ। ਸਾਨੂੰ ਕਦੇ ਵਖਿਆਨ ਦੇਣ ਦਾ ਮੌਕਾ ਮਿਲੇ ਤਾਂ ਅਸੀਂ ਅਨਜਾਣੇ ਹੀ ਕਠਿਨ ਸ਼ਬਦ ਵਰਤ ਜਾਂਦੇ ਹਾਂ। ਇਹ ਵੀ ਅਸਲ ਵਿੱਚ ਹਉਮੈਂ ਦਾ ਹੀ ਇੱਕ ਰੂਪ ਹੈ। ਸਤਿਗੁਰੂ ਜੀ ਇਹ ਨਹੀਂ ਕਹਿੰਦੇ ਕਿ ਹਉਮੈਂ ਨੂੰ ਤਿਆਗੋ। ਉਹਨਾਂ ਦੀ ਲਿਖਤ ਸੁਝਾਉ ਦਿੰਦੀ ਹੈ ਸਰਲਤਾ ਨੂੰ ਅਪਣਾਉ, ਹਉਮੈਂ ਖੁਦਬਖੁਦ ਖ਼ਤਮ ਹੋ ਜਾਏਗੀ।

ਇਸ ਸੰਬੰਧ ਵਿੱਚ ਅਸੀਂ ਗੁਰਬਾਣੀ ਦੇ ਪਹਿਲੇ ਸ਼ਬਦ ੧ੴ ਵੱਲ ਸੰਕੇਤ ਕਰਨਾ ਚਾਹਾਂਗੇ। ਜਪੁਜੀ ਵਿੱਚ ਗੁਰੂ ਸਾਹਿਬ ਫ਼ਰਮਾਉਂਦੇ ਹਨ, ਗੁਰਾ ਇੱਕ ਦੇਹਿ ਬੁਝਾਈ।

ਇਹ ਸਰਲ ਹੋਣ ਦੀ ਰੀਝ ਦਾ ਪ੍ਰਗਟਾਵਾ ਹੈ ਤੇ ਸਰਲਤਾ ਨਾਲ ਹੀ ਪੇਸ਼ ਕੀਤਾ ਗਿਆ ਹੈ। ਏਕਤਾ ਅਤੇ ਸਰਲਤਾ ਦੋਵੇਂ ਸਮਾਨਾਰਥਕ ਹਨ ਅਤੇ ਦੋਹਾਂ ਲਈ ਵਿਸ਼ਵਾਸ਼ ਦੀ ਲੋੜ ਹੈ। ਜਿਸਨੂੰ ਆਪਣੇ ਗੁਰੂ ਤੇ ਵਿਸ਼ਵਾਸ਼ ਨਹੀਂ ਉਹ ਸਰਲ ਨਹੀਂ ਹੋ ਸਕਦਾ। ਸਰਲ ਹੋਣ ਲਈ ਸੰਦੇਹ ਨੂੰ ਦੂਰ ਕਰਨਾ ਪੈਂਦਾ ਹੈ ਤੇ ਸੰਦੇਹ ਦਾ ਮੂੰਹ ਅਨੇਕਤਾ ਵਲ, ਦਵੈਤ ਵਲ ਤੇ ਜਟਿਲਤਾ ਵੱਲ ਹੈ ਜਿਸ ਨਾਲ ਜ਼ਿੰਦਗੀ ਵਿੱਚ ਗੁੰਝਲਾਂ ਵਧਦੀਆਂ ਹਨ।

ਜੇ ਕੋਈ ਪੰਜਾਬੀ ਲੇਖਕ ਇਹਨਾਂ ਪੱਤਰਿਆਂ ਨੂੰ ਪੜ੍ਹੇ ਤਾਂ ਸਾਡੀ ਉਸਨੂੰ ਬੇਨਤੀ ਹੈ ਕਿ ਉਹ ਇਹਨਾਂ ਵਿਚਲੀ ਸ਼ੈਲੀ ਨੂੰ ਅਪਣਾਉਣ ਦਾ ਜਤਨ ਕਰੇ। ਇਹ ਸ਼ੈਲੀ ਸਰਲ ਵੀ ਹੈ ਤੇ ਅਸਾਨ ਵੀ।

ਗੁਰਬਾਣੀ ਦੇ ਅਭਿਆਸੀ ਲਈ ਚੰਡੀ ਦੀ ਵਾਰ ਦਾ ਸਮਝਣਾ ਮੁਸ਼ਕਲ ਨਹੀਂ। ਆਦਿ ਗੁਰੂ ਗ੍ਰੰਥ ਅਤੇ ਦਸਮ ਗ੍ਰੰਥ ਦੀਆਂ ਭਾਸ਼ਾ ਸ਼ੈਲੀਆਂ ਵਿੱਚ ਭਾਵੇਂ ਕੁਝ ਫ਼ਰਕ ਵਿਖਾਈ ਦੇਵੇ ਪਰ ਦੋਹਾਂ ਦੀ ਜੀਵਨ ਦ੍ਰਿਸ਼ਟੀ ਵਿੱਚ ਬੜੀ ਸਹਿਜ ਏਕਤਾ ਹੈ। ਜੋ ਗੁਰੂ ਗ੍ਰੰਥ ਸਾਹਿਬ ਦਾ ਆਰੰਭ ੧ੴ ਸਤਿਨਾਮੁ ਨਾਲ ਹੁੰਦਾ ਹੈ ਤਾਂ ਚੰਡੀ ਦੀ ਵਾਰ ਦਾ ਅਰੰਭਕ ਬੋਲ ਹੈ-੧ੴ ਵਾਹਿਗੁਰੂ ਜੀ ਕੀ ਫਤੇ। ਆਦਿ ਗੁਰੂ ਗ੍ਰੰਥ ਵਿੱਚ ਇਸ ਤੋਂ ਬਾਅਦ ਪਰਮ ਸ਼ਕਤੀ ਨੂੰ ਕਰਤਾ ਪੁਰਖ ਦੇ ਰੂਪ ਵਿੱਚ ਕਥਿਆ ਗਿਆ ਹੈ। ਚੰਡੀ ਦੀ ਵਾਰ ਦੀ ਸੰਪੂਰਨ ਦੂਜੀ ਪਉੜੀ ਕਰਤਾ ਪੁਰਖੁ ਨੂੰ ਹੀ ਸਮਰਪਿਤ ਹੈ ਜਿਥੇ ਕਿਹਾ ਗਿਆ ਹੈ:

ਖੰਡਾ ਪ੍ਰਿਥਮੈ ਸਾਜਿਕੈ ਜਿਨਿ ਸਭ ਸੈਸਾਰੁ ਉਪਾਇਆ।
ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ।
ਸਿੰਧੁ ਪਰਬਤ ਮੇਦਨੀ ਬਿਨੁ ਥੰਮਾ ਗਗਨੁ ਰਹਾਇਆ।
ਸਿਰਜੇ ਦਾਨੋ ਦੇਵਤੇ ਤਿਨ ਅੰਦਰਿ ਬਾਦੁ ਰਚਾਇਆ।
ਤੈ ਹੀ ਦੁਰਗਾ ਸਾਜਿ ਕੈ..................

ਇਸ ਤਰ੍ਹਾਂ ਦੀਆਂ ਸਮਾਨਤਾਵਾਂ ਸਹਿਜੇ ਹੀ ਪਛਾਣੀਆਂ ਜਾ ਸਕਦੀਆਂ ਹਨ ਕਿਉਂਕਿ ਚੰਡੀ ਦੀ ਵਾਰ ਰਚੀ ਹੀ ਆਦਿ



Sri Satguru Jagjit Singh Ji eLibrary NamdhariElibrary@gmail.com

ਗੁਰੂ ਗ੍ਰੰਥ ਸਾਹਿਬ ਦੇ ਪੂਰਨਿਆਂ ਤੋਂ ਗਈ ਹੈ। ਇਹੋ ਪੂਰਨੇ ਸਮੁਚੇ ਹੁਕਮਨਾਮਿਆਂ ਵਿੱਚ ਦਿਖਾਈ ਦੇਂਦੇ ਹਨ। ਆਦਿ ਗੁਰੂ ਗ੍ਰੰਥ ਤਾਂ ਇੱਕ ਮਹਾਂਸਾਗਰ ਹੈ, ਜਿੱਥੋਂ ਵੀ ਚੁਲੀ ਭਰੋ ਸਾਫ਼-ਸਫ਼ਾਫ ਨਾਮ ਰੂਪੀ ਅੰਮ੍ਰਿਤ ਪ੍ਰਾਪਤ ਹੁੰਦਾ ਹੈ। ਪ੍ਰਭੂ ਦੇ ਨਾਮ ਤੋਂ ਬਿਨਾ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਹੋਰ ਕਿਸੇ ਪਾਸੇ ਵਲ ਰੁਝਾਨ ਨਹੀਂ। ਏਸੇ ਤਰ੍ਹਾਂ ਦੀ ਏਕਤਾ ਸਤਿਗੁਰੂ ਜੀ ਦੇ ਹੁਕਮਨਾਮਿਆਂ ਵਿੱਚ ਵਿਖਾਈ ਦਿੰਦੀ ਹੈ। ਸਤਿਗੁਰੂ ਜੀ ਸਿੱਖਾਂ ਨੂੰ ਬਾਰ-ਬਾਰ ਇਕੋ ਉਪਦੇਸ਼ ਦਿੰਦੇ ਹਨ: ਨਾਮ ਦਾ ਜਾਪ ਕਰੋ ਤੇ ਬਾਣੀ ਦਾ ਪਾਠ ਕਰੋ। ਜਨਾਨੇ ਮਰਦਾਨੇ ਸਭਨਾ ਨੂੰ ਅੱਖਰ ਪੜਾਓ। ਆਪਣੇ ਸਰੀਰ ਤੇ ਮਨ ਨੂੰ ਸਵੱਛ ਤੇ ਨਿਰਮਲ ਰੱਖੋ।

ਜਿਸ ਮਹਾਂਪੁਰਸ਼ ਦੀ ਲਿਵ ਪ੍ਰਭੂ ਚਰਨਾਂ ਨਾਲ ਲੱਗੀ ਹੈ ਉਹ ਪ੍ਰਭੂ ਦੇ ਸਿਵਾ ਹੋਰ ਕੋਈ ਗੱਲ ਨਹੀਂ ਕਰਦਾ। ਇਸ ਸੱਚ ਦਾ ਪ੍ਰਗਟਾਵਾ ਹੁਕਮਨਾਮਿਆਂ ਵਿੱਚ ਸਪਸ਼ਟ ਤੌਰ ਤੇ ਹੋਇਆ ਹੈ।

ਹੁਕਮਨਾਮੇ ਗਿਣਤੀ ਵਿੱਚ ਭਾਵੇਂ ਘੱਟ ਹਨ। ਉਹਨਾਂ ਦੀ ਜੀਵਨ ਦ੍ਰਿਸ਼ਟੀ ਮਹਾਂਸਾਗਰ ਵਰਗੀ ਵਿਸ਼ਾਲ ਹੈ। ਕਿਤੋਂ ਵੀ ਪੜ੍ਹਨਾ ਸ਼ੁਰੂ ਕਰ ਦਿਓ ਭਜਨ, ਬਾਣੀ, ਅੱਖਰ, ਸਵੱਛ ਦੇਹ ਤੇ ਨਿਰਮਲ ਮਨ ਦੇ ਸਿਵਾ ਹੋਰ ਕੁਝ ਨਹੀਂ ਦਿਖਾਈ ਦੇਵੇਗਾ।

ਵਿਸ਼ੇ ਵਸਤੂ ਦੀ ਏਕਤਾ ਦੇ ਕਾਰਨ ਹੀ ਇਸ ਦੀ ਭਾਸ਼ਾ ਸ਼ੈਲੀ ਸਰਲ ਅਤੇ ਆਸਾਨ ਹੈ।

ਕਿਸੇ ਵੀ ਲਿਖਤ ਵਾਂਗ ਪੱਤਰ ਦੀਆਂ ਦੋ ਲਾਜ਼ਮੀ ਧਿਰਾਂ ਹੁੰਦੀਆਂ ਹਨ। ਇੱਕ ਧਿਰ ਪੱਤਰ ਲਿਖਦੀ ਹੈ ਤੇ ਦੂਜੀ ਧਿਰ ਨੂੰ ਪੱਤਰ ਲਿਖਿਆ ਜਾਂਦਾ ਹੈ। ਉਹਨਾਂ ਦੋਹਾਂ ਧਿਰਾਂ ਵਿਚਕਾਰ ਰਿਸ਼ਤਾ ਪੱਤਰ ਦੀ ਸ਼ੈਲੀ ਨੂੰ ਨਿਸ਼ਚਿਤ ਕਰਦਾ ਹੈ। ਹੁਕਮਨਾਮਿਆਂ ਦੀਆਂ ਧਿਰਾਂ ਦਾ ਸਰੂਪ ਸਪਸ਼ਟ ਹੈ। ਉਹਨਾਂ ਵਿਚਕਾਰ ਗੁਰੂ ਤੇ ਸਿੱਖ ਵਾਲਾ ਰਿਸ਼ਤਾ ਹੈ। ਦੋਵੇਂ ਹੀ ਧਿਰਾਂ ਇਸ ਰਿਸ਼ਤੇ ਦੀਆਂ ਪੂਰਨ ਵਿਸ਼ਵਾਸ਼ੀ ਹਨ। ਇਸ ਬਾਰੇ ਕੋਈ ਸੰਦੇਹ ਨਹੀਂ। ਇਸੇ ਲਈ ਗੁਰੂ ਭਾਵੇਂ ਪੱਤਰ ਕਿਸੇ ਇੱਕ ਸਿੱਖ ਨੂੰ ਲਿਖ ਰਿਹਾ ਹੋਵੇ ਪਰ ਜਾਪਦਾ ਇਉਂ ਹੈ ਜਿਵੇਂ ਗੁਰੂ ਵਡੇਰੀ ਸੰਗਤ ਨੂੰ ਸੰਬੋਧਨ ਕਰ ਰਿਹਾ ਹੈ। ਇਸ ਲਈ ਇਹਨਾਂ ਹੁਕਮਨਾਮਿਆਂ ਵਿੱਚ ਮੋਹ ਦਾ ਝਉਲਾ ਨਹੀਂ ਪੈਂਦਾ। ਰਿਸ਼ਤਾ ਵੀ ਮੋਹ ਵਾਲਾ ਨਹੀਂ।

ਸਤਿਗੁਰੂ ਜੀ ਗੱਲ ਕਹਿੰਦੇ ਹੋਏ ਵਾਰ ਵਾਰ ਚਿਤਾਰਦੇ ਹਨ ਕਿ ਮੈਂ ਉਹ ਕੁਝ ਕਹਿ ਰਿਹਾ ਹਾਂ ਜੋ ਗੁਰੂ ਲਿਖਾਉਂਦਾ ਹੈ। ਇਹਨੂੰ ਪੜ੍ਹਦੇ ਹੋਏ ਬਾਣੀ ਦੀ ਉਹ ਪੰਕਤੀ ਯਾਦ ਆਉਂਦੀ ਹੈ,

ਹਉ ਆਪਹੁ ਬੋਲਿ ਨ ਜਾਣਦਾ,
ਮੈਂ ਕਹਿਆ ਸਭੁ ਹੁਕਮਾਉ ਜੀਉ। ਮਹਲਾ-੧

ਇੱਕ ਸਤਿਗੁਰੂ ਕਹਿੰਦੇ ਹੀ, ਹੁਕਮਾਉ ਜੀਉ ਹਨ ਤੇ ਦੂਜੇ, ਸਿੱਖਾਂ ਨੇ ਵੀ ਕੁਦਰਤੀ ਤੌਰ ਤੇ ਇਹਨਾਂ ਲਿਖਤਾਂ ਨੂੰ ਹੁਕਮਨਾਮੇ ਮੰਨ ਲਿਆ ਹੈ। ਅੱਜ ਸਾਡੇ ਵਰਗੇ ਪਾਠਕਾਂ ਨੂੰ ਵੀ ਇਉਂ ਜਾਪਦਾ ਹੈ ਜਿਵੇਂ ਸੰਬੋਧਕ ਤੇ ਸੰਬੋਧਿਤ ਵਿਚਕਾਰ ਰਿਸ਼ਤਾ ਦੈਵੀ ਹੈ। ਏਸੇ ਕਰਕੇ ਇਹਨਾਂ ਲਿਖਤਾਂ ਦਾ ਸੁਭਾਉ ਹੀ ਦੈਵੀ ਜਾਪਦਾ ਹੈ।

ਅਸਾਂ ਇਹਨਾਂ ਦੀ ਸ਼ੈਲੀ ਨੂੰ ਸਰਲ ਕਿਹਾ ਸੀ। ਹੁਣ ਰਤਾ ਕੁ ਵਾਧਾ ਕਰਦੇ ਹੋਏ ਉਸ ਸ਼ੈਲੀ ਨੂੰ ਪਵਿੱਤਰ ਆਖਦੇ ਹਾਂ। ਸਾਡੇ ਖਿਆਲ ਵਿੱਚ ਇਹ ਪਾਵਨ ਲਿਖਤ ਹੈ। ਇਸ ਦਾ ਸੁਭਾਉ ਧੁਰ ਕੀ ਲਿਖਤ ਵਾਲਾ ਹੈ। ਧੁਰ ਦੇ ਬਚਨ ਆਪ ਮੁਹਾਰੇ ਸਰਲ ਹੁੰਦੇ ਹਨ ਕਿਉਂਕਿ ਉਹ ਮਹਾਂਸ਼ਕਤੀ ਆਪਣੀ ਸ੍ਰਿਸ਼ਟੀ ਨੂੰ ਸੰਬੋਧਿਤ ਹੁੰਦੀ ਹੈ ਤੇ ਉਸਨੇ ਨਿਰੋਲ ਸੱਚ ਹੀ ਕਹਿਣਾ ਹੁੰਦਾ ਹੈ। ਉਸ ਵਿੱਚ ਕਿਸੇ ਪ੍ਰਕਾਰ ਦੇ ਰਲੇ ਦੀ ਗੁੰਜਾਇਸ਼ ਤਾਂ ਹੁੰਦੀ ਹੀ ਨਹੀਂ। ਸੋ ਸਰਲ ਹੋਣਾ ਤਾਂ ਉਸਦੇ ਲਈ ਕੁਦਰਤੀ ਹੈ ਤੇ ਲਾਜ਼ਮੀ ਵੀ। ਅਸਾਂ ਕਿਹਾ ਸੀ ਕਿ ਇਹ ਹੁਕਮਨਾਮੇ ਤਾਂ ਮਹਾਂਸਾਗਰ ਹੈ। ਕਿਸੇ ਵੀ ਥਾਂ ਤੋਂ ਚੁਲੀ ਭਰ ਲਉ (ਪੜ੍ਹ ਲਉ) ਤੁਹਾਡੇ ਹੱਥ ਵਿੱਚ ਸਾਫ਼-ਸਫ਼ਾਫ ਪਾਣੀ (ਨਿਰਮਲ ਵਿਚਾਰ, ਨਿਰਮਲ ਭਾਵ) ਹੀ ਆਉਣਗੇ।

ਜਿਨ੍ਹਾਂ ਨੂੰ ਇਹ ਪੱਤਰ ਲਿਖੇ ਜਾ ਰਹੇ ਸਨ ਉਹ ਵੀ ਦੁਨਿਆਵੀ ਪੱਤਰਿਆਂ ਵਰਗੇ ਆਮ ਸੰਬੋਧਿਤ ਨਹੀਂ। ਆਮ ਸੰਬੋਧਿਤ ਦੇ ਘਰ ਡਾਕੀਆ ਪਹੁੰਚ ਕੇ ਚਿੱਠੀ ਪਹੁੰਚਾਉਂਦਾ ਹੈ। ਪਰ ਇਹ ਤਾਂ ਐਸੇ ਪ੍ਰੇਮੀ ਹਨ ਜੋ ਆਪਣੀ ਚਿੱਠੀ ਪ੍ਰਾਪਤ ਕਰਨ ਲਈ ਸੈਂਕੜੇ-ਹਜ਼ਾਰਾਂ ਮੀਲਾਂ ਦਾ ਪੰਧ ਮਾਰ ਕੇ ਆਪਣੇ ਪਿਆਰੇ ਤੇ ਸਤਿਕਾਰੇ ਸੰਬੋਧਨ ਤੱਕ ਪਹੁੰਚਦੇ ਹਨ। ਪਹੁੰਚਣ ਲਈ ਆਪਣੀ ਜਾਨ ਵੀ ਤਲੀ ਤੇ ਰੱਖ ਸਕਦੇ ਹਨ।

ਇੱਕ ਘਟਨਾ ਹੈ ਕਿ ਇੱਕ ਸਿੱਖ (ਮੀਹਾਂ ਸਿੰਘ) ਆਪਣੀ ਅਰਦਾਸ ਕਰਨ ਤੇ ਹੁਕਮਨਾਮਾ ਪ੍ਰਾਪਤ ਕਰਨ ਲਈ ਰੰਗੂਨ ਉਸ ਬੰਗਲੇ ਤੱਕ ਪਹੁੰਚਿਆ ਜਿੱਥੇ ਸਤਿਗੁਰੂ ਜੀ ਨਜ਼ਰ ਬੰਦ ਸਨ। ਬੰਗਲੇ ਦੇ ਆਲੇ ਦੁਆਲੇ ਉੱਚਾ ਜੰਗਲਾ ਸੀ ਤੇ ਦੋ ਹਥਿਆਰ ਬੰਦ ਸਿਪਾਹੀ ਪਹਿਰੇ ਤੇ ਸਨ। ਆਉਣ ਵਾਲਿਆਂ ਨੂੰ ਸਾਵਧਾਨ ਕਰਨ ਲਈ ਇੱਕ ਲਿਖਤ ਸੀ ਕਿ ਏਧਰ ਆਉਣ ਵਾਲੇ ਨੂੰ ਗੋਲੀ ਮਾਰ ਦਿੱਤੀ ਜਾਏਗੀ।

ਹੁਕਮਨਾਮਾ ਪ੍ਰਾਪਤ ਕਰਨ ਦਾ ਰੀਝਵਾਨ ਸਿੱਖ (ਮੀਹਾਂ ਸਿੰਘ) ਜੰਗਲੇ ਦੇ ਬਾਹਰ ਖੜਾ ਪਹਿਰੇਦਾਰਾਂ, ਬੰਦੂਕਧਾਰੀਆਂ ਨੂੰ ਵੀ ਦੇਖ ਰਿਹਾ ਸੀ ਤੇ ਲਿਖਤ ਵੀ ਪੜ੍ਹ ਰਿਹਾ ਸੀ। ਛਿਣ ਮਾਤਰ ਲਈ ਪਹਿਰੇਦਾਰਾਂ ਨੇ ਇੱਕ ਦੂਜੇ ਵੱਲ ਪਿੱਠ ਫੇਰੀ ਤਾਂ ਉਹ ਸ਼ਰਧਾਲੂ ਸਿੱਖ ਛਾਲ ਮਾਰ ਕੇ ਜੰਗਲਾ ਟੱਪ ਗਿਆ। ਇਸ ਗੱਲ ਵਲੋਂ ਬੇਨਿਆਜ਼ ਕਿ ਮੇਰੇ ਉੱਪਰ ਗੋਲੀ ਵੀ ਚੱਲੇਗੀ, ਆਪਣੇ ਗੁਰੂ ਤੱਕ ਪਹੁੰਚਣ ਦੀ ਤੀਬਰ ਇੱਛਾ ਸੀ ਤੇ ਇਸ ਇੱਕ ਮਨ ਇੱਕਚਿੱਤ, ਇੱਛਾ ਤੋਂ ਬਗੈਰ ਹੋਰ ਕੋਈ ਵਿਚਾਰ, ਡਰ ਜਾਂ ਸ਼ੰਕਾ ਉਸਦੇ ਮਨ ਵਿੱਚ ਨਹੀਂ ਸੀ। ਐਸੇ ਪ੍ਰੇਮੀ ਲਈ ਇੱਕ ਕਵੀ ਦਾ ਕਹਿਣਾ ਹੈ ਕਿ ਪਿਆਰ ਦੇ ਨਸ਼ੇ ਵਾਲੇ, ਪਿਆਰ ਦੇ ਮੱਤੇ, ਪ੍ਰੇਮੀ ਉਹਨਾਂ ਥਾਵਾਂ ਤੋਂ ਵੀ ਅਗਾਂਹਾਂ ਲੰਘ ਜਾਂਦੇ ਹਨ ਜਿੱਥੇ ਭਾਵੇਂ ਆਪ ਜਮਰਾਜ ਪਹਿਰਾ ਦੇ ਰਿਹਾ ਹੋਵੇ:

ਨਾਗਾ ਵਾੜ ਸਮੁੰਦ ਘਰ ਕੇਹਰ ਖੜੇ ਬੁਕੰਨ।
ਜੇ ਜਮ ਹੋਵੇ ਪਾਹਰੂ ਪ੍ਰੇਮੀ ਜਾਏ ਮਿਲੰਨ।


Sri Satguru Jagjit Singh Ji eLibrary NamdhariElibrary@gmail.com

ਐਸੇ ਪ੍ਰੇਮੀ ਨੂੰ ਯਾਦ ਕਰਕੇ ਸਾਡਾ ਇਹ ਵਿਚਾਰ ਹੋਰ ਵੀ ਦ੍ਰਿੜ ਹੁੰਦਾ ਹੈ ਕਿ ਇਹ ਲਿਖਤ ਦੈਵੀ ਪ੍ਰਭਾਵ ਵਾਲੇ ਹੈ। ਲਿਖਣ ਵਾਲੀ ਵੀ ਇਹੋ ਕਹਿੰਦੇ ਹਨ ਕਿ ਮੈਂ ਨਹੀਂ ਲਿਖਿਆਂ ਮੈਥੋ ਲਿਖਵਾਇਆ ਗਿਆ ਹੈ। ਤੇ ਪੜ੍ਹਨ ਵਾਲੇ ਇਹੋ ਕਹਿੰਦੇ ਹਨ ਕਿ ਅਸੀਂ ਤਾਂ ਦੈਵੀ ਆਵੇਸ਼ ਵਿੱਚ ਲਿਖਤ ਪ੍ਰਾਪਤ ਕੀਤੀ ਹੈ। ਇਹਨਾਂ ਦੋਹਾਂ ਦੀ ਗਵਾਹੀ ਦੇ ਹੁੰਦਿਆਂ ਅਸੀਂ ਕਿਉਂ ਨਾ ਕਹੀਏ ਕਿ ਇਸ ਮਹਾਨ ਲਿਖਤ ਨੂੰ ਦੈਵੀ ਛੋਹ ਪ੍ਰਾਪਤ ਹੈ।

ਅਸੀਂ ਕੁਝ ਐਸੇ ਪਾਠਕਾਂ ਨੂੰ ਵੀ ਜਾਣਦੇ ਹਾਂ ਜੋ ਇਸ ਲਿਖਤ ਨੂੰ ਪੜ੍ਹ ਕੇ ਅੱਜ ਵੀ ਮਸਤਾਨੇ ਹੋ ਜਾਂਦੇ ਹਨ। ਇਹ ਲਿਖਤ ਸਾਡੇ ਸੱਭਿਆਚਾਰ ਦਾ ਮਹਾਨ ਸਰਮਾਇਆ ਹੈ।

ਜਿਸ ਕਾਲਖੰਡ (ਉਨੀਵੀਂ ਸਦੀ ਦਾ ਦੂਜਾ ਅੱਧ) ਵਿੱਚ ਇਹ ਹੁਕਮਨਾਮੇ ਲਿਖੇ ਗਏ ਉਸ ਵੇਲੇ ਤੱਕ ਪੰਜਾਬੀ ਵਾਰਤਕ ਦਾ ਕੋਈ ਸਪਸ਼ਟ ਨਮੂਨਾ ਉੱਭਰ ਕੇ ਸਾਹਮਣੇ ਨਹੀਂ ਸੀ ਆਇਆ। ਸੋ ਸਤਿਗੁਰੂ ਜੀ ਆਪ ਹੀ ਇਸ ਸ਼ੈਲੀ ਦੇ ਸਿਰਜਕ ਸਨ। ਪੰਜਾਬੀ, ਬੋਲਚਾਲ ਦੇ ਯੁੱਗ ਵਿੱਚੋਂ ਨਿਕਲਕੇ, ਲਿਖਤ ਦੇ ਯੁਗ ਵਿੱਚ ਪ੍ਰਵੇਸ਼ ਕਰ ਰਹੀ ਸੀ।

ਅਸਲ ਵਿੱਚ ਗੁਰੂ ਅਤੇ ਸਿੱਖ ਵਿਚਕਾਰ ਸੰਚਾਰ ਜ਼ਿਆਦਾਤਰ ਬੋਲਚਾਲ ਰਾਹੀਂ ਹੀ ਹੁੰਦਾ ਸੀ। ਭਾਰਤੀ ਅਧਿਆਤਮਿਕ ਪ੍ਰੰਪਰਾ ਵਿੱਚ ਗੁਰੂ ਤੇ ਸ਼ਿਸ਼ ਵਿਚਕਾਰਲੇ ਰਿਸ਼ਤੇ ਦਾ ਸਭ ਤੋਂ ਪਹਿਲਾ ਨਮੂਨਾ ਉਪਨਿਸ਼ਦਾਂ ਦਾ ਹੈ। ਜਿੱਥੇ ਸ਼ਿਸ਼ ਗੁਰੂ ਦੇ ਬਹੁਤ ਨੇੜੇ ਹੋ ਕੇ ਸਿੱਖਿਆ ਗ੍ਰਹਿਣ ਕਰਦਾ ਹੈ।

ਹੁਕਮਨਾਮਿਆਂ ਦੇ ਸਿੱਖ ਆਪਣੇ ਸਤਿਗੁਰੂ ਦੇ ਬਹੁਤ ਨਿਕਟ ਪਹੁੰਚ ਜਾਂਦੇ ਹਨ ਪਰ ਉਹਨਾਂ ਲਾਗੇ ਬੈਠ ਕੇ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਉਹਨਾਂ ਨੂੰ ਨਹੀਂ ਸੀ ਮਿਲਦਾ। ਇਹਨਾਂ ਹੁਕਮਨਾਮਿਆਂ ਦਾ ਆਪਣਾ ਸੁਭਾ ਹੀ ਦੱਸਦਾ ਹੈ ਕਿ ਸਤਿਗੁਰੂ ਭਾਵੇਂ ਆਪਣੇ ਸਿੱਖਾਂ ਨਾਲ ਗੱਲ-ਬਾਤ ਲਿਖ ਕੇ ਕਰ ਰਹੇ ਹਨ ਪਰ ਲਿਖਤ ਵਿੱਚ ਵੀ ਉਹਨਾਂ ਬੋਲਚਾਲ ਦਾ ਅੰਦਾਜ਼ ਬਣਾਈ ਰੱਖਿਆ। ਸਤਿਗੁਰੂ ਆਪ ਪੰਜਾਬ ਦੇ ਪੇਂਡੂ ਵਾਤਾਵਰਨ 'ਚੋਂ ਹੀ ਆਏ ਸਨ ਅਤੇ ਉਹਨਾਂ ਦੇ ਸਿੱਖ ਵੀ ਜ਼ਿਆਦਾਤਰ ਪੰਜਾਬ ਦੇ ਪਿੰਡਾਂ ਨਾਲ ਹੀ ਸੰਬੰਧਿਤ ਸਨ ਤੇ ਪਿੰਡਾਂ ਦੀ ਬੋਲਚਾਲ ਵਿੱਚ ਉਪਭਾਸ਼ਿਕ ਰੰਗ ਬਹੁਤ ਸਪਸ਼ਟ ਹੁੰਦਾ ਹੈ। ਸਤਿਗੁਰੂ ਜੀ ਆਪਣੇ ਪੱਤਰਾਂ ਵਿੱਚ ਉਪਭਾਸ਼ਾ ਮਾਲਵੇ ਦੀ ਅਪਣਾਉਂਦੇ ਹਨ। ਇਉਂ ਜਾਪਦਾ ਹੈ ਜਿਵੇਂ ਉਹ ਆਪਣੇ ਸਿੱਖਾਂ ਦੇ ਬਹੁਤ ਨੇੜੇ ਹੋ ਕੇ ਉਹਨਾਂ ਨੂੰ, ਉਹ ਗੱਲਾਂ ਬਾਰ ਬਾਰ ਸਮਝਾ ਰਹੇ ਹਨ ਜੋ ਪੰਜਾਬੀ ਵਾਤਾਵਰਨ ਵਿੱਚ ਨਿੱਕੀਆਂ ਨਿੱਕੀਆਂ ਹਨ।

ਉਹ ਆਪਣੇ ਸਿੱਖ ਦੀ ਸੂਝ ਬੂਝ ਤੱਕ ਉੱਤਰ ਆਉਂਦੇ ਹਨ ਤੇ ਉਹਦੇ ਨੇੜੇ ਹੋ ਕੇ ਓਸੇ ਦੀ ਜ਼ੁਬਾਨ ਵਿੱਚ ਇਉਂ ਗੱਲਾਂ ਕਰਦੇ ਹਨ ਜਿਵੇਂ ਉਹ ਆਪਣੇ ਪਿੰਡ ਦੀ ਗਲੀ ਬੈਠੇ ਆਪਣੇ ਭਾਈ ਬੰਦਾਂ ਨਾਲ ਗੱਲ ਬਾਤ ਕਰ ਰਿਹਾ ਹੋਵੇ। ਲਿਖਤ ਨੂੰ ਬੋਲ ਚਾਲ ਦੇ ਮੁਹਾਵਰੇ ਵਿੱਚ ਪੇਸ਼ ਕਰਨਾ ਕਾਫੀ ਮੁਸ਼ਕਲ ਕੰਮ ਹੈ। ਸਤਿਗੁਰੂ ਜੀ ਇਸ ਮੁਸ਼ਕਲ ਉੱਪਰ ਸਹਿਜੇ ਹੀ ਵਸੀਕਾਰ ਪ੍ਰਾਪਤ ਕਰਦੇ ਹਨ।

ਅਸੀਂ ਸਰਲਤਾ ਨੂੰ ਏਕਤਾ ਨਾਲ ਇੱਕ ਮਿਕ ਹੋਇਆ ਪ੍ਰਤੀਤ ਕੀਤਾ ਸੀ। ਉਸੇ ਏਕਤਾ ਨੂੰ ਅਸੀਂ ਹੁਣ ਨੇੜਤਾ ਦਾ ਨਾਮ ਦੇਣਾ ਚਾਹਾਂਗੇ। ਇਹਨਾਂ ਹੁਕਮਨਾਮਿਆਂ ਵਿਚੱ ਸੰਬੋਧਕ ਤੇ ਸੰਬੋਧਿਤ ਵਿਚਾਲੇ ਕੋਈ ਫਾਸਲਾ, ਕੋਈ ਦੂਰੀ ਨਹੀਂ। ਸਥਾਨ ਦੀ ਦੂਰੀ ਤਾਂ ਉਹਨਾਂ ਸਿੱਖਾਂ ਨੇ ਮਿਟਾ ਦਿੱਤੀ ਸੀ ਜੋ ਐਨਾ ਪੈਂਡਾ ਕੱਛ ਕੇ ਦੂਰ ਦੇਸ਼ ਵਿੱਚ ਆਪਣੇ ਮਹਿਬੂਬ ਤੱਕ ਪਹੁੰਚਦੇ ਰਹੇ। ਤੇ ਮਾਨਸਿਕ ਤੇ ਆਤਮਿਕ ਦੂਰੀ ਸਤਿਗੁਰੂ ਜੀ ਆਪ ਮੇਟ ਦੇਂਦੇ ਹਨ ਜੋ ਭਾਸ਼ਿਕ ਅਤੇ ਆਤਮਿਕ ਤੌਰ ਤੇ ਸਿੱਖ ਦੇ ਬਹੁਤ ਨੇੜੇ ਹੋ ਜਾਂਦੇ ਹਨ। ਕਬੀਰ ਸਾਹਿਬ ਦੇ ਨਾਮ ਨਾਲ ਇਹ ਦੋਹਾ ਸੁਣੀਦਾ ਹੈ:

ਕਬੀਰ ਗੁਰੂ ਵਸੇ ਬਨਾਰਸੀ ਸਿਖ ਸਮੁੰਦਰ ਤੀਰ।
ਵਿਛੜਿਆਂ ਨਾਹੀ ਵਿਛੜੇ ਜੇ ਗੁਣ ਰਵੇ ਸਰੀਰ।

ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਸਿੱਖਾਂ ਵਿਚਕਾਰ ਅਧਿਆਤਮਿਕ ਤੇ ਸੱਭਿਆਚਾਰਕ ਗੁਣਾਂ ਦੀ ਐਸੀ ਸਾਂਝ ਹੈ ਕਿ ਉਹ 'ਦ੍ਵੈ ਤੇ ਏਕ ਰੂਪ ਹੈਵ ਗਯੋ' ਜਾਪਦੇ ਹਨ। ਇਸ ਅਵਸਥਾ ਤੱਕ ਉਹੀ ਸੰਤ ਜਨ ਹੀ ਪਹੁੰਚਦੇ ਹਨ ਜਿਨ੍ਹਾਂ ਆਪਣਾ ਪਰਕਾ ਮੇਟ ਦਿੱਤਾ ਹੋਵੇ। ਇਹਨਾਂ ਹੁਕਮਨਾਮਿਆਂ ਵਿੱਚ ਆਪੇ ਪਰਕੇ ਦਾ ਝਾਉਲਾ ਨਹੀਂ ਪੈਂਦਾ।

ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਆਪਣਾ ਆਤਮਿਕ ਸਰੂਪ ਪਹੁੰਚਾ ਦੇਂਦੇ ਹਨ, ਆਪਣੀ ਲਿਖਤ ਰਾਹੀਂ। ਲਿਖਤ ਹੋ ਕੇ ਵੀ ਇਹ ਗੁਰੂ ਦੇ ਪ੍ਰਮਾਣਿਕ ਬੋਲ ਹਨ ਤੇ ਇਸੇ ਰੂਪ ਵਿੱਚ ਇਹਨਾਂ ਨੂੰ ਪੜ੍ਹਨਾ ਚਾਹੀਦਾ ਹੈ। ਪਰਮਸੱਚ ਨੂੰ ਪਹੁੰਚੇ ਹੋਏ ਸੰਤ ਜਨ, ਆਮ ਮਨੁੱਖ ਨੂੰ ਪਰਮਸੁਖ ਦਾ ਨਜ਼ਾਰਾ ਕਿਵੇਂ ਸਧਾਰਨ ਅਤੇ ਸਹਿਜ ਮੁਹਾਵਰੇ ਵਿੱਚ ਵਿਖਾ ਦੇਂਦੇ ਹਨ, ਇਸ ਦੀ ਮਿਸਾਲ ਹਨ ਇਹ ਹੁਕਮਨਾਮੇ ਜਿਨ੍ਹਾਂ ਨੂੰ ਸਤਿਗੁਰੂ ਜੀ ਥਾਂ ਪਰ ਥਾਂ ਅਰਦਾਸ ਜਾਂ ਹਰਦਾਸ ਦਾ ਨਾਂ ਦਿੰਦੇ ਹਨ।

ਐਸੀ ਵਡਿੱਤਣ ਨੂੰ ਸਾਡਾ ਨਮਸਕਾਰ ਹੈ। ਆਸ ਹੈ ਜੋ ਜੋ ਸੱਜਣ ਇਹਨਾਂ ਹੁਕਮਨਾਮਿਆਂ ਨੂੰ ਪੜ੍ਹਨਗੇ ਉਹਨਾਂ ਨੂੰ ਸਹਿਜੇ ਪਰਮਸੱਚ ਦੀ ਝਲਕ ਮਿਲਦੀ ਜਾਪੇਗੀ। ਆਪਣੇ ਆਪ ਵਿਚੱ ਇਹ ਕਰਾਮਾਤੀ ਅਨੁਭਵ ਹੈ। ਇਤੀ।

**C-158,**
**ਮਾਨਸਰੋਵਰ ਗਾਰਡਨ,**
**ਨਵੀਂ ਦਿੱਲੀ-੧੧੦੦੧੫**
**15 ਸਤੰਬਰ 1998**

*("ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ" ਦੀ ਭੂਮਿਕਾ ਪ੍ਰਕਾਸ਼ਕ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ)*



Sri Satguru Jagjit Singh Ji eLibrary NamdhariElibrary@gmail.com

Gram : 'SNIPER'

Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

**OPP. INDUSTRIAL ESTATE,**
**JAMMU CANTT.**



Sri Satguru Jagjit Singh Ji eLibrary NamdhariElibrary@gmail.com

# ਮੇਰਾ ਸਾਹਿਤਕ ਪਿਛਵਾੜਾ

-ਕੁਲਵੰਤ ਸਿੰਘ ਵਿਰਕ

ਬੀ. ਏ. ਪਾਸ ਕਰਨ ਤੀਕ ਅਰਥਾਤ ਉਨੀ ਵੀਹ ਸਾਲ ਦੀ ਉਮਰ ਤੀਕ ਮੈਨੂੰ ਲਿਖਣ ਦਾ ਕੋਈ ਸ਼ੌਕ ਨਹੀਂ ਸੀ ਤੇ ਨਾ ਹੀ ਮੈਂ ਕਦੀ ਕੁਝ ਲਿਖਿਆ ਸੀ। ਕੋਰਸ ਵਿਚ ਲਗੀਆਂ ਕਿਤਾਬਾਂ ਤੋਂ ਬਾਹਰ ਮੈਂ ਕਦੀ ਪੜ੍ਹਿਆ ਵੀ ਕੁਝ ਨਹੀਂ ਸੀ। ਜੇ ਕੁਝ ਪੜ੍ਹਿਆ ਵੀ ਹੋਵੇ ਤਾਂ ਪ੍ਰਫੈਸਰਾਂ ਦੇ ਕਹਿਣ ਉਤੇ ਅੰਗਰੇਜ਼ੀ ਭਾਸ਼ਾ ਸਿੱਖਣ ਲਈ, ਕਿਸੇ ਸਾਹਿਤਕ ਰੁਚੀ ਕਰ ਕੇ ਨਹੀਂ। ਐਮ. ਏ ਵਿਚ ਮੈਂ ਲਾਹੌਰ ਦਾ ਫਾਰਮਨ ਕਰਿਸਚੀਅਨ ਕਾਲਿਜ ਛੱਡ ਕੇ ਅੰਮ੍ਰਿਤਸਰ ਖਾਲਸਾ ਕਾਲਿਜ ਚਲਾ ਗਿਆ। ਏਥੇ ਮੈਂ ਕਾਲਿਜ ਦੇ ਮੈਗਜ਼ੀਨ ਵਿੱਚ ਪਹਿਲੀ ਵਾਰ ਲਿਖਣਾ ਅਰੰਭਿਆ। ਇਹ ਅੰਗਰੇਜ਼ੀ ਵਿੱਚ ਸੀ। ਪੰਜਾਬੀ ਵਿਚ ਲਿਖਣਾ ਮੈਨੂੰ ਨਹੀਂ ਆਉਂਦਾ ਸੀ। ਕਾਲਿਜ ਦੇ ਮੈਗਜ਼ੀਨ ਦੀਆਂ ਪਹਿਲੀਆਂ ਲਿਖਤਾਂ ਤਾਂ ਐਵੇਂ ਟੋਟਕੇ ਹੀ ਸਨ ਜਿਵੇਂ ਮੈਗਜ਼ੀਨ ਵਿੱਚ ਹੁੰਦੇ ਹਨ ਪਰ ਹੁਣ ਮੈਨੂੰ ਚੇਤੇ ਆਉਂਦਾ ਏ ਕਿ ਸਾਡੇ ਪਿੰਡ ਉਤੇ ਅੰਗਰੇਜ਼ੀ ਕਬਜ਼ਾ ਹੋਣ ਵੇਲੇ ਦੀ, ਇਕ ਗੱਲ ਜਿਹੜੀ ਮੈਂ ਸੁਣੀ ਹੋਈ ਸੀ ਉਸ ਨੂੰ ਵੀ ਕਹਾਣੀ ਦੀ ਸ਼ਕਲ ਦੇ ਕੇ ਮੈਂ ਲਿਖਿਆ। ਇਸ ਨੂੰ ਪ੍ਰੋਫੈਸਰ ਹਰਬੰਸ ਸਿੰਘ ਨੇ ਪੰਜਾਬੀ ਵਿੱਚ ਅਨੁਵਾਦ ਕਰ ਕੇ ਖਾਲਸਾ ਸੇਵਕ ਦੇ ਇਕ ਖ਼ਾਸ ਨੰਬਰ ਵਿਚ ਛਪਵਾਇਆ। ਇਸ ਦੇ ਐਡੀਟਰ ਓਦੋਂ ਗੁਰਨਾਮ ਸਿੰਘ ਤੀਰ ਸਨ। ਇਹ ਗੱਲ ੧੯੪੨ ਦੀ ਹੈ।

ਕਾਲਿਜ ਛੱਡਣ ਪਿੱਛੋਂ ਮੈਂ ਫੌਜ ਵਿੱਚ ਭਰਤੀ ਹੋ ਗਿਆ ਤੇ ਦੋ ਤਿੰਨ ਸਾਲ ਉਥੇ ਰਿਹਾ। ਛੁੱਟੀਆਂ ਵਿੱਚ ਇਕ ਵਾਰ ਲਾਹੌਰ ਫਿਰਦਿਆਂ ਮੈਂ ਵੇਖਿਆ ਕਿ ਪੰਜਾਬੀ ਕਿਤਾਬਾਂ ਦੀ ਇਕ ਦੁਕਾਨ ਲਾਹੌਰ ਬੁਕ ਸ਼ਾਪ ਖੁੱਲ੍ਹ ਗਈ ਹੈ। ਮੈਂ ਉਥੋਂ ਦਸ ਕੁ ਰੁਪਏ ਦੀਆਂ ਪੰਜ-ਚਾਰ ਕਿਤਾਬਾਂ ਲੈ ਲਈਆਂ। ਹੁਣ ਯਾਦ ਕਰਕੇ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਵਿਚ ਕਹਾਣੀਆਂ ਦੀ ਕੋਈ ਕਿਤਾਬ ਨਹੀਂ ਸੀ। ਕਹਾਣੀ ਵਿੱਚ ਮੇਰੀ ਕੋਈ ਉਚੇਚੀ ਦਿਲਚਸਪੀ ਨਹੀਂ ਸੀ। ਇਕ ਕਿਤਾਬ ਈਸ਼ਵਰ ਚਿੱਤ੍ਰਕਾਰ ਦੀ 'ਕਲਮ ਦੀ ਅਵਾਜ਼' ਸੀ ਜਿਹੜੀ ਮੈਨੂੰ ਬਹੁਤ ਚੰਗੀ ਲਗੀ। ਇਸ ਤੋਂ ਪਹਿਲਾਂ ਮੈਨੂੰ ਦੁੱਗਲ ਦੀ ਇਕ ਪੁਸਤਕ 'ਮੇਰੀ ਚੋਣਵੀਂ ਕਹਾਣੀ' ਕਾਲਿਜ ਤੋਂ ਇਨਾਮ ਵਿਚ ਮਿਲੀ ਸੀ। ਇਸ ਵਿਚ ਉਸ ਨੇ ਉਸ ਵੇਲੇ ਦੇ ਪ੍ਰਸਿੱਧ ਪੰਜਾਬੀ ਕਹਾਣੀਕਾਰਾਂ ਦੀ ਇਕ ਇਕ ਕਹਾਣੀ ਦਿੱਤੀ ਹੋਈ ਸੀ। ਸੇਖੋਂ ਦੀ 'ਪੇਮੀ ਦੇ ਨਿਆਣੇ' ਸੀ। ਜਿਹੜੀ ਮੈਨੂੰ ਬਹੁਤ ਚੰਗੀ ਲੱਗੀ। ਉਂਜ ਮੈਂ ਸੇਖੋਂ ਦਾ ਨਾਂ ਬਹੁਤ ਪਹਿਲਾਂ ਸੁਣਿਆ ਹੋਇਆ ਸੀ। ਐਫ. ਏ. ਵਿਚ ਪੜ੍ਹਦਿਆਂ ਮੈਂ ਪਰਚੇ ਵਿਚ 'ਭੱਤਾ' ਕਹਾਣੀ ਪੜ੍ਹੀ। ਮੈਨੂੰ ਬੜੀ ਹੈਰਾਨੀ ਹੋਈ ਕਿ ਪੰਜਾਬੀ ਵਿਚ ਕਿੰਨੀਆਂ ਨਿਸ਼ੰਗ ਗੱਲਾਂ ਲਿਖੀਆਂ ਜਾ ਰਹੀਆਂ ਹਨ ਤੇ ਕਿਸ ਤਰ੍ਹਾਂ ਪਿੰਡਾਂ ਦੀ ਆਮ ਜਿਹੀ ਗੱਲ ਤੋਂ ਹੀ ਪੜ੍ਹਨ ਯੋਗ ਸਾਹਿੱਤ ਬਣ ਗਿਆ ਸੀ। ਪਹਿਲਾਂ ਅਸੀਂ ਕਿਤਾਬਾਂ ਵਿੱਚ ਕੇਵਲ ਵੱਡੇ ਵੱਡੇ ਲੋਕਾਂ ਦੇ ਮੂੰਹੋ ਗੱਲਾਂ ਸੁਣਨ ਦੇ ਹੀ ਆਦੀ ਸਾਂ। ਇਹ ਕਹਾਣੀ ਮੈਨੂੰ ਕਦੀ ਨਾ ਭੁੱਲੀ ਤੇ ਆਪਣੀ ਕਹਾਣੀ 'ਛਾਹ ਵੇਲਾ' ਮੈਂ ਇਸ ਵਰਗੀ ਕਹਾਣੀ ਲਿਖਣ ਦੀ ਇਛਾ ਨਾਲ ਹੀ ਲਿਖੀ।

ਪ੍ਰੋਫੈਸਰ ਸੇਖੋਂ ਐਮ. ਏ ਵਿੱਚ ਸਾਨੂੰ ਪੜ੍ਹਾਂਦੇ ਵੀ ਸਨ। ਸਾਨੂੰ ਪੜ੍ਹਾਣ ਵਾਲੇ ਬਾਕੀ ਪ੍ਰੋਫੈਸਰ ਇਨ੍ਹਾਂ ਨਾਲੋਂ ਵੱਧ ਤਨਖਾਹ ਲੈਂਦੇ ਸਨ। ਇਕ ਪ੍ਰੋਫੈਸਰ ਤੇਜਾ ਸਿੰਘ ਸਨ ਤੇ ਕੁਝ ਵਲਾਇਤ ਪਾਸ ਸਿੰਧੀ ਅਤੇ ਬੰਗਾਲੀ ਪ੍ਰੋਫੈਸਰ ਸਨ। ਪਰ ਮੈਂ ਸੇਖੋਂ ਨੂੰ ਹੀ ਬਹੁਤ ਲਾਇਕ ਅਤੇ ਵਧੀਆ ਆਦਮੀ ਸਮਝਦਾ ਸਾਂ ਅਤੇ ਹੈਰਾਨ ਹੁੰਦਾ ਸਾਂ ਕਿ ਬਾਕੀ ਵੀ ਮੇਰੇ ਵਾਂਗ ਕਿਉਂ ਨਹੀਂ ਸੋਚਦੇ। ਪ੍ਰੋਫੈਸਰ ਸੇਖੋਂ ਵੀ ਮੈਨੂੰ ਚੁਸਤ ਵਿਦਿਆਰਥੀ ਜਾਣਦੇ ਸਨ ਭਾਵੇਂ ਮੇਰੇ ਨਾਲੋਂ ਵੱਧ ਨੰਬਰ ਲੈਣ ਵਾਲੇ ਕਈ ਸਨ।

ਫੌਜ ਤੋਂ ਜਿਨ੍ਹਾਂ ਛੁਟੀਆਂ ਦੀ ਮੈਂ ਗੱਲ ਕਰ ਰਿਹਾ ਸਾਂ ਉਨ੍ਹਾਂ ਵਿਚ ਹੀ ਲਾਹੌਰ ਫਿਰਦਿਆਂ ਸੁਰਿੰਦਰ ਸਿੰਘ ਨਰੂਲਾ ਮਿਲ ਗਿਆ। ਉਸ ਦੱਸਿਆ ਕਿ ਉਹ 'ਪੰਜ ਦਰਿਆ' ਵਿੱਚ ਕੰਮ ਕਰਦਾ ਹੈ। ਮੈਂ ਚੰਦਾ ਦੇ ਕੇ ਗਾਹਕ ਬਣ ਗਿਆ। ਇਹ ੧੯੪੩ ਦੀ ਗੱਲ ਹੈ। ਕੁਝ ਮਹੀਨਿਆਂ ਪਿਛੋਂ ਇਸ ਵਿਚ ਦੁੱਗਲ ਦੀ ਕਹਾਣੀ 'ਡੰਗਰ' ਛਪੀ। ਬਿਨਾ ਜਾਣ ਪਛਾਣ ਦੇ ਮੈਂ ਉਸ ਨੂੰ ਫੌਜ ਵਿਚੋਂ ਚਿੱਠੀ ਲਿਖੀ ਕਿ ਤੁਹਾਡੀ ਕਹਾਣੀ ਬਹੁਤ ਚੰਗੀ ਏ। ਉਸ ਨੇ ਜਵਾਬ ਦਿੱਤਾ ਕਿ ਤੁਹਾਡੇ ਵਰਗੇ ਸੂਝਵਾਨ ਪਾਠਕਾਂ ਲਈ ਲਿਖਣ ਚ ਬੜਾ ਸਵਾਦ ਆਉਂਦਾ ਏ। ਓਦੋਂ ਦੇ ਇਸ ਵੱਟੇ-ਸੱਟੇ ਦਾ ਹੁਣ ਕਦੀ ਚੇਤਾ ਆਉਂਦਾ ਏ ਤਾਂ ਬੜਾ ਹਾਸਾ ਆਉਂਦਾ ਏ।

ਅੰਗਰੇਜ਼ ਫੌਜੀ ਅਫਸਰਾਂ ਦੇ ਮਨ ਪਰਚਾਵੇ ਲਈ ਓਦੋਂ ਬਹੁਤ ਪਰਚੇ ਵਲਾਇਤੋਂ ਆਉਂਦੇ ਸਨ। ਇਹੋ ਜਿਹੇ ਇਕ ਪਰਚੇ ਵਿਚ ਇਕ ਕਹਾਣੀ ਇਕ ਚਾਚੇ ਬਾਰੇ ਸੀ ਜਿਹੜਾ ਸ਼ਰਾਬ ਪੀ ਕੇ ਆਪਣੇ ਭਤੀਜੇ ਨਾਲ ਬੜੇ ਪ੍ਰੇਮ ਦੀਆਂ ਗੱਲਾਂ ਕਰਦਾ ਸੀ। ਮੈਂ ਸੋਚਿਆ ਕਿ ਇਹੋ ਜਿਹੀ ਕਹਾਣੀ ਪੰਜਾਬੀ ਵਿਚ ਲਿਖਣੀ ਚਾਹੀਦੀ ਹੈ। ਸ਼ਾਇਦ ਉਹ ਵੀ ਛੜਾ ਸੀ। ਪਰ ਅੰਗਰੇਜ਼ਾਂ ਦੇ ਛੜੇ ਸਾਡੇ ਉਸ ਵੇਲੇ ਦੇ ਛੜਿਆਂ ਨਾਲੋਂ ਢੇਰ ਵਖਰੇ ਹੁੰਦੇ ਸਨ। ਜਦੋਂ ਮੈਂ ਆਪਣੇ ਪਿੰਡ ਦੇ ਇਕ ਛੜੇ ਚਾਚੇ ਵਲ ਧਿਆਨ ਮਾਰਿਆ ਤਾਂ ਉਹ ਬਹੁਤ ਬੇਜਾਨ ਜਿਹਾ ਲੱਗਾ। ਉਸ ਤਰ੍ਹਾਂ ਦੇ ਆਦਮੀ ਬਾਰੇ ਮੇਰੀ ਕਹਾਣੀ ਲਿਖਣ ਦੀ ਨੀਯਤ ਨਹੀਂ ਸੀ। ਇਕ ਅੱਧ ਗੱਲ ਤਾਂ ਮੈਂ ਉਸੇ ਦੀ ਲੈ ਲਈ ਪਰ ਬਹੁਤੀਆਂ ਕੋਲੋਂ ਜੋੜ ਕੇ ਮੈਂ ਇਕ ਕਹਾਣੀ ਘੜ ਲਈ। ਚੂੰਕਿ ਉਸ ਦੀ ਕੋਈ ਵਹੁਟੀ ਨਹੀਂ ਸੀ, ਮੈਂ ਸੋਚਿਆ ਉਹ ਇਸ ਗੱਲ ਨੂੰ ਲੁਕਾਣ ਲਈ ਉਸ ਬਾਰੇ ਗੱਲਾਂ ਬਣਾਂਦਾ ਹੋਵੇਗਾ। ਇਹ ਕਹਾਣੀ ਮੈਂ ਸੁਰਿੰਦਰ ਸਿੰਘ ਨਰੂਲਾ ਨੂੰ 'ਪੰਜ ਦਰਿਆ' ਵਿਚ ਛਾਪਣ ਲਈ ਦੇ ਦਿੱਤੀ। ਓਦੋਂ ਤਕ ਨਰੂਲੇ ਨੇ ਅਜੇ ਨਾਵਲ ਤਾਂ ਕੋਈ ਨਹੀਂ ਸੀ ਲਿਖਿਆ ਪਰ ਕੁਝ ਕਹਾਣੀਆਂ ਲਿਖੀਆਂ ਸਨ। ਮੈਂ ਇਸ ਨੂੰ ਉਸ ਦੀ ਇਕ ਬਹੁਤ ਮਹਾਨ ਪ੍ਰਾਪਤੀ ਸਮਝਦਾ ਸਾਂ ਤੇ ਇਸ ਕਰਕੇ ਉਸ ਨੂੰ ਇਕ ਵਖਰੀ ਭਾਂਤ ਦਾ ਆਦਮੀ ਗਿਣਦਾ ਸਾਂ। ਇਥੋਂ ਤਕ ਕਿ ਜਦੋਂ ਅਸੀਂ ਇਕੱਠੇ ਅਨਾਰਕਲੀ ਵਿਚੋਂ ਲੰਘ ਰਹੇ ਹੁੰਦੇ ਤਾਂ ਮੈਂ ਆਪ ਕੁਝ ਵੇਖਣ ਦੀ ਥਾਂ ਇਹ ਵੇਖ ਰਿਹਾ ਹੁੰਦਾ ਕਿ ਉਹ ਕੀ



Sri Satguru Jagjit Singh Ji eLibrary NamdhariElibrary@gmail.com

ਵੇਖਦਾ ਹੈ? ਮੈਂ ਇਸ ਗੱਲ ਤੋਂ ਬਹੁਤ ਪ੍ਰਭਾਵਿਤ ਸਾਂ ਕਿ ਕਿਸ ਤਰ੍ਹਾਂ ਉਹ ਐਵੇਂ ਫਿਰਦਿਆਂ ਟੁਰਦਿਆਂ ਕਹਾਣੀਆਂ ਲੱਭ ਲੈਂਦਾ ਏ ਜਿਥੋਂ ਸਾਨੂੰ ਕੁਝ ਵੀ ਨਹੀ ਲੱਭਦਾ। ਮੇਰੀ ਉਹ ਕਹਾਣੀ ਮੋਹਨ ਸਿੰਘ ਨੇ ਬਹੁਤ ਪਸੰਦ ਕੀਤੀ ਅਤੇ ਮੈਨੂੰ ਇਸ ਬਾਰੇ ਚਿੱਠੀ ਲਿਖੀ। ਚਿੱਠੀ ਵਿਚ ਉਨ੍ਹਾਂ ਅੰਗਰੇਜ਼ੀ ਵਿਚ ਲਿਖਿਆ ਕਿ ਮੈਨੂੰ ਤੇਰੇ ਵਿਚ ਇਕ ਬਹੁਤ ਵੱਡਾ ਲੇਖਕ ਬਣਨ ਦੀਆਂ ਸੰਭਾਵਨਾਵਾਂ ਦਿਸਦੀਆਂ ਹਨ। ਉਨ੍ਹਾਂ ਆਪਣੀ ਰਾਏ ਮੈਨੂੰ ਲਿਖ ਕੇ ਭੇਜੀ ਭਾਵੇਂ ਮੈਂ ਉਸੇ ਸ਼ਹਿਰ ਵਿਚ ਰਹਿੰਦਾ ਸਾਂ ਅਤੇ ਕਈ ਵਾਰ ਟਕਰਾ ਵੀ ਹੁੰਦਾ ਰਹਿੰਦਾ ਸੀ। ਗੱਲ ਤੇ ਕੋਈ ਨਹੀਂ ਹੁੰਦੀ ਸੀ ਕਿਉਂਕਿ ਇਸ ਤੋਂ ਪਹਿਲਾਂ ਗੱਲ ਕੋਈ ਕਰਨ ਨੂੰ ਹੈ ਨਹੀਂ ਸੀ। ਇਸ ਤੋਂ ਪਿਛੋਂ ਗੱਲਾਂ ਹੋਣ ਲਗ ਪਈਆਂ। ਜਿੰਨਾ ਚਿਰ ਪ੍ਰੋ. ਮੋਹਨ ਸਿੰਘ ਪੰਜ ਦਰਿਆ ਦੇ ਸੰਪਾਦਕ ਰਹੇ, ਉਹ, ਜਿਥੇ ਵੀ ਉਨਾਂ ਨੂੰ ਕੋਈ ਚੰਗੀ ਲਿਖਤ ਦਿਸਦੀ, ਇਸ ਤਰ੍ਹਾਂ ਦੀਆਂ ਚਿੱਠੀਆਂ ਲਿਖਦੇ ਰਹੇ। ਉਸ ਤੋਂ ਪਿਛੋਂ ਤਾਂ ਹੁਣ ਤਾਂ ਸਮੱਸਿਆ ਹੁੰਦੀ ਹੈ ਕਿ ਵਿਸ਼ਾ ਸਾਹਮਣੇ ਹੁੰਦਾ ਏ ਪਰ ਉਨ੍ਹਾਂ ਦਾ ਇਹ ਕੰਮ ਪੰਜਾਬੀ ਸਾਹਿੱਤ ਦੀ ਉਨਤੀ ਲਈ ਬਹੁਤ ਹੀ ਮਹੱਤਤਾ ਵਾਲਾ ਹੈ।

ਇਹ ਚਿੱਠੀ ਆਉਣ ਨਾਲ ਮੈਨੂੰ ਇਕ ਤਰ੍ਹਾਂ ਦਾ ਵਖਤ ਪੈ ਗਿਆ। ਇਉਂ ਲੱਗੇ ਕਿ ਕਹਾਣੀਆਂ ਜ਼ਰੂਰ ਲਿਖਣੀਆਂ ਹਨ ਪਰ ਪਤਾ ਨਹੀਂ ਸੀ ਲਗਦਾ ਕਿ ਕਿਸ ਬਾਰੇ ਲਿਖਾਂ? ਉਸਤੋਂ ਪਿਛੋਂ ਜਾਂ ਹੁਣ ਤਾਂ ਸਮੱਸਿਆ ਹੁੰਦੀ ਹੈ ਕਿ ਇਸ ਸਾਹਮਣੇ ਹੁੰਦਾ ਏ ਪਰ ਉਸ ਨੂੰ ਨਿਭਾਣ ਜਾਂ ਬਿਆਨ ਕਰਨ ਵਿਚ ਢਿਲ ਕਰੀਦੀ ਏ ਜਾਂ ਮੁਸ਼ਕਿਲ ਆਉਂਦੀ ਏ। ਪਰ ਉਸ ਵੇਲੇ ਵਿਸ਼ਾ ਲੱਭਣਾ ਬਹੁਤ ਔਖਾ ਲਗਦਾ ਸੀ। ਇਹ ਪਤਾ ਨਹੀਂ ਲਗਦਾ ਸੀ ਕਿ ਕਿਹੜਾ ਵਿਸ਼ਾ ਚੱਲ ਜਾਏਗਾ। ਕਿਹੜੀ ਗੱਲ ਉਤੇ ਲਿਖੀ ਕਹਾਣੀ ਠੀਕ ਰਹੇਗੀ। ਓਦੋਂ ਮੈਨੂੰ ਅੰਗਰੇਜ਼ੀ ਦੀ ਐਮ. ਏ. ਕੀਤਿਆਂ ਤਿੰਨ ਚਾਰ ਸਾਲ ਹੋ ਗਏ ਸਨ। ਉਂਜ ਤਾਂ ਸਾਹਿੱਤ ਬਾਰੇ ਮੈਨੂੰ ਕੁਝ ਸੂਝ ਹੈ ਸੀ ਤੇ ਹੋਰਨਾਂ ਦੀਆਂ ਲਿਖੀਆਂ ਪੰਜਾਬੀ ਕਹਾਣੀਆਂ ਨੂੰ ਮੈਂ ਚੰਗੀ ਤਰ੍ਹਾਂ ਪਰਖ ਸਕਦਾ ਸਾਂ ਪਰ ਆਪਣੀਆਂ ਕਹਾਣੀਆਂ ਬਾਰੇ ਮੈਨੂੰ ਕੁਝ ਪਤਾ ਨਾ ਲਗਦਾ। 'ਪੰਜ ਦਰਿਆ' ਦੇ ਦਫ਼ਤਰ ਹੇਠਾਂ ਇਕ ਲੈਟਰ-ਬਕਸ ਲੱਗਾ ਹੋਇਆ ਸੀ। ਕਹਾਣੀ ਲਿਖ ਲੈਣ ਪਿਛੋਂ ਮੈਂ ਦੁਪਹਿਰ ਵੇਲੇ ਕਦੀ ਜਾਂਦਾ ਅਤੇ ਉਸ ਵਿਚ ਆਪਣੀ ਕਹਾਣੀ ਪਾ ਕੇ ਭੱਜ ਆਉਂਦਾ। ਮੈਨੂੰ ਡਰ ਹੁੰਦਾ ਕਿ ਮੈਨੂੰ ਵੇਖ ਪ੍ਰੋਫੈਸਰ ਮੋਹਨ ਸਿੰਘ ਮੈਨੂੰ ਆਵਾਜ਼ ਮਾਰ ਲੈਣਗੇ। ਫਿਰ ਨਵੀਂ ਕਹਾਣੀ ਦੀ ਗੱਲ ਨਿਕਲ ਆਵੇਗੀ ਤਾਂ ਉਹ ਪੜ੍ਹਨ ਨੂੰ ਕਹਿਣਗੇ। ਸ਼ਾਇਦ ਇਹ ਬਿਲਕੁਲ ਹੀ ਊਲ-ਜਲੂਲ ਹੋਵੇ। ਫਿਰ ਉਹ ਕੀ ਸੋਚਣਗੇ? ਤੇ ਮੈਂ ਉਨਾਂ ਦੇ ਸਾਹਮਣੇ ਕਿਵੇਂ ਖਲੋਵਾਂਗਾ? ਕਈ ਹਫ਼ਤੇ ਮੈਂ ਉਸ ਪਾਸਿਓਂ ਲੰਘਦਾ ਹੀ ਨਾ ਕਿ ਕਿਧਰੇ ਮਿਲ ਨਾ ਪੈਣ ਤੇ ਇਹ ਕਹਿ ਨਾ ਦੇਣ ਕਿ ਉਹ ਕਹਾਣੀ ਤਾਂ ਬਹੁਤ ਘਟੀਆ ਸੀ। ਫਿਰ ਜਦੋਂ ਅਗਲਾ ਪਰਚਾ ਨਿਕਲਦਾ ਅਤੇ ਕਹਾਣੀ ਪਹਿਲੇ ਜਾਂ ਦੂਜੇ ਥਾਂ ਉਤੇ ਛਪੀ ਹੁੰਦੀ ਤਾਂ ਮੈਂ ਪੱਕੇ ਪੈਰੀਂ ਹੋ ਜਾਂਦਾ ਕਿ ਠੀਕ ਹੀ ਸੀ ਤਾਂ ਹੀ ਤੇ ਛਪੀ ਹੈ। ਫਿਰ ਜਿੰਨਾ ਚਿਰ ਅਗਲੀ ਕਹਾਣੀ ਲਿਖ ਕੇ ਮੈਂ ਲੈਟਰ ਬਕਸ ਵਿਚ ਨਾ ਪਾ ਆਉਂਦਾ ਮੈਂ ਆਪਣੇ ਫਿਰਨ ਤੁਰਨ ਉਤੇ ਕੋਈ ਪਾਬੰਦੀ ਨਾ ਲਾਉਂਦਾ। ਮੈਨੂੰ ਕਿਸੇ ਦਾ ਡਰ ਨਹੀਂ ਸੀ। ਪਰ ਅਗਲੀ ਕਹਾਣੀ ਲਿਖਣ ਪਿਛੋਂ ਫਿਰ ਇਸ ਤਰ੍ਹਾਂ ਹੀ ਹੁੰਦਾ। ਪੰਜ ਸੱਤ ਕਹਾਣੀਆਂ ਛਪਣ ਪਿਛੋਂ ਮੈਂ ਪੱਕੇ ਪੈਰੀਂ ਹੋ ਗਿਆ। ਕਈ ਸਾਲ ਪਿਛੋਂ ਜਾਗ੍ਰਤੀ ਦੀ ਐਡੀਟਰੀ ਦੇ ਜ਼ਮਾਨੇ ਵਿਚ ਜਦੋਂ ਕੋਈ ਕਹਾਣੀ ਵਾਪਸ ਕਰਨੀ ਪੈਂਦੀ ਤਾਂ ਕਿਸੇ ਨਵੇਂ ਲੇਖਕ ਦੀ ਚਿੱਠੀ ਆਉਂਦੀ, "ਦੱਸੋ ਮੇਰੀ ਕਹਾਣੀ ਵਿਚ ਨੁਕਸ ਕੀ ਏ?" ਮੈਨੂੰ ਉਨ੍ਹਾਂ ਦੇ ਸਵੈ-ਭਰੋਸੇ ਦੀ ਆਪਣੀ ਪੁਰਾਣੇ ਡਰ ਨਾਲ ਤੁਲਨਾ ਕਰ ਕੇ ਬੜਾ ਹਾਸਾ ਆਉਂਦਾ।

ਮੈਂ ਪੰਜਵੀਂ ਜਮਾਤ ਵਿਚ ਹੀ ਪਿੰਡੋਂ ਦੂਰ ਨਨਕਾਣੇ ਸਾਹਿਬ ਪੜ੍ਹਨ ਟੁਰ ਗਿਆ। ਕੁਝ ਸਾਲ ਉਥੇ ਅਤੇ ਫਿਰ ਸ਼ੇਖੂਪੁਰੇ ਪੜ੍ਹਦਾ ਰਿਹਾ। ਉਸ ਤੋਂ ਮਗਰੋਂ ਕਾਲਜਾਂ ਵਿਚ। ਪਿੰਡ ਮੈਂ ਕੇਵਲ ਛੁਟੀਆਂ ਵਿਚ ਹੀ ਆਉਂਦਾ ਪਰ ਇਸ ਨਾਲ ਵੀ ਮੇਰਾ ਪਿੰਡ ਨਾਲ ਗੂੜ੍ਹਾ ਸੰਬਧ ਬਣਿਆ ਰਿਹਾ। ਮੇਰੇ ਘਰ ਵਾਲੇ ਹੱਥੀਂ ਵਾਹੀ ਕਰਦੇ ਸਨ। ਮੈਂ ਵੀ ਵਿਚੇ ਲੱਗ ਜਾਂਦਾ। ਇਕ ਕੰਮ ਜਿਹੜਾ ਮੈਂ ਕਦੀ ਨਾ ਕਰ ਸਕਿਆ ਉਹ ਰਾਤ ਨਹਿਰ ਦੇ ਪਾਣੀ ਦੀ ਵਾਰੀ ਲਾਣਾ ਸੀ। ਗਰਮੀਆਂ ਵਿਚ ਜਦੋਂ ਰਾਤ ਛੋਟੀ ਹੁੰਦੀ ਹੈ ਮੈਂ ਇਕ ਵਾਰ ਕੋਸ਼ਿਸ਼ ਵੀ ਕੀਤੀ ਪਰ ਬਾਰਾਂ ਕੁ ਵਜੇ ਹੀ ਖਾਲ ਦੇ ਨਾਲ ਇਕ ਵਗੀ ਹੋਈ ਪੈਲੀ ਵਿਚ ਸੌਂ ਗਿਆ ਤੇ ਦਿਨ ਚੜ੍ਹੇ ਉਠਿਆ। ਪੈਲੀ ਵਿਚ ਇਕ ਦੋ ਵਾਰ ਮੈਂ ਹਲਾਂ ਦਾ ਪੂਰਾ ਜੋਤਰਾ ਲਗਾ ਦਿੱਤਾ। ਸਾਰਾ ਦਿਨ ਫਲ੍ਹੇ ਵੀ ਗਾਹ ਕੇ ਵੇਖੇ ਹਨ। ਮੱਝਾਂ ਚਾਰਨ ਦੀ ਮੈਨੂੰ ਬਹੁਤ ਚੰਗੀ ਜਾਚ ਸੀ। ਮੱਝਾਂ ਨੂੰ ਸ਼ੌਕ ਨਾਲ ਘਾਹ ਚਰਦਿਆਂ ਵੇਖ ਕੇ ਮੈਨੂੰ ਬਹੁਤ ਠੰਢ ਪੈਂਦੀ। 'ਦੋ ਆਨੇ ਦਾ ਘਾਹ' ਕਹਾਣੀ ਮੈਨੂੰ ਆਪਣੇ ਇਸੇ ਸ਼ੌਕ ਵਿਚੋਂ ਸੁੱਝੀ। ਇਕ ਹੋਰ ਕੰਮ ਜਿਸ ਦਾ ਮੈਂ ਉਸਤਾਦ ਨਿਕਲਿਆ ਉਹ ਘੋੜ ਸਵਾਰੀ ਸੀ। ਘੋੜੀਆਂ ਨੂੰ ਮਛਰਾ ਕੇ, ਪੈਲੀਆਂ ਦੇ ਵਿਚੋਂ ਦੀ ਕਈ ਕਈ ਮੀਲ ਭਜਾ ਕੇ ਮੈਨੂੰ ਬਹੁਤ ਸਵਾਦ ਆਉਂਦਾ। ਉਨ੍ਹਾਂ ਨੂੰ ਵੀ ਬਹੁਤ ਥਕਾ ਦੇਂਦਾ ਤੇ ਆਪ ਵੀ ਬਹੁਤ ਥੱਕ ਜਾਂਦਾ।

ਸਾਉਣ ਭਾਦਰੋਂ ਵਿਚ, ਜਦੋ ਕਾਲਿਜ ਵਿਚ ਛੁਟੀਆਂ ਹੁੰਦੀਆਂ, ਮੈਂ ਪਿੰਡ ਆ ਜਾਂਦਾ ਉਹ ਬਹੁਤ ਕੰਮ ਕਰਨ ਦੇ ਦਿਨ ਹੁੰਦੇ ਸਨ ਤੇ ਲੋਕਾਂ ਨੂੰ ਬਹੁਤ ਸਵੇਰੇ ਉਠਣਾ ਪੈਂਦਾ। ਦੁਪਹਿਰੀਂ ਕੁਝ ਆਰਾਮ ਕਰਨ ਦਾ ਰਿਵਾਜ ਸੀ। ਇਸ ਆਰਾਮ ਵੇਲੇ ਪਿੰਡ ਦੇ ਇਕ ਸਾਂਝੇ ਛੱਤੇ ਹੋਏ ਥਾਂ ਵਿਚ ਬੜੀ ਸਭਾ ਲੱਗਦੀ। ਹਰ ਉਮਰ ਦੇ ਲੋਕ ਹੁੰਦੇ, ਬੱਚੇ ਕੌਡੀਆਂ ਖੇਡਦੇ, ਉਸ ਤੋਂ ਵੱਡੇ ਤਾਸ਼ ਅਤੇ ਉਸ ਤੋਂ ਵੀ ਵੱਡੇ ਪਾਸ਼ਾ ਖੇਡਦੇ। ਬਹੁਤ ਥੱਕੇ ਹੋਏ ਹਾਲੀ ਸੌਂ ਜਾਂਦੇ। ਬੁੱਢੇ ਗੱਲਾਂ ਕਰਦੇ। ਉਸ ਸਭਾ ਦਾ ਕੋਈ ਪ੍ਰਧਾਨ ਨਹੀਂ ਹੁੰਦਾ ਸੀ। ਉੱਚੀ ਆਵਾਜ਼ ਵਾਲਿਆਂ ਨੂੰ ਬੜਾ ਫ਼ਾਇਦਾ ਰਹਿੰਦਾ। ਆਵਾਜ਼ ਆਮ ਕਰ ਕੇ ਉਨ੍ਹਾਂ ਦੀ ਹੀ ਉੱਚੀ ਹੁੰਦੀ ਜਿਨ੍ਹਾਂ ਦੇ ਸਰੀਰ ਬਹੁਤ ਤਕੜੇ ਹੁੰਦੇ।

ਰਾਤ ਨੂੰ ਬਾਪੂ ਤੇ ਭਰਾ ਵਿਚਕਾਰ ਵਾਹੀ ਬਾਰੇ ਸਲਾਹਾਂ ਹੁੰਦੀਆਂ। ਕਿਸ ਪੈਲੀ ਵਿਚ ਕੀ ਬੀਜਣਾ ਹੈ? ਅਰੂੜੀ ਕਿਥੇ ਪਾਣੀ ਹੈ? ਕਿਸ ਕਿਸ ਪੈਲੀ ਨੂੰ ਪਾਣੀ ਦੀ ਬਹੁਤੀ ਲੋੜ ਹੈ। ਸਲਾਹਾਂ ਤਾਂ ਕੀ ਹੁੰਦੀਆਂ ਉਹ। ਭਰਾ ਦੀ ਐਵੇਂ ਮਾੜੀ ਜਹੀ ਵੋਟ ਹੀ ਸੀ। ਚਲਦੀ ਬਾਪੂ ਦੀ ਹੀ। ਮੇਰੀ ਮਾੜੀ ਜਿਹੀ ਵੋਟ ਵੀ



Sri Satguru Jagjit Singh Ji eLibrary NamdhariElibrary@gmail.com

ਨਹੀਂ ਸੀ। ਇਥੇ ਬੜੇ ਮਹੱਤਵਪੂਰਨ ਫੈਸਲੇ ਹੁੰਦੇ ਜਿਨ੍ਹਾਂ ਦੇ ਠੀਕ ਹੋਣ ਨਾਲ ਘਰ ਮਾੜਾ ਮੋਟਾ ਚਲਦਾ ਰਹਿਣਾ ਸੀ ਅਤੇ ਗ਼ਲਤ ਹੋਣ ਨਾਲ ਉਜੜ ਜਾਣਾ ਸੀ। ਨਾਲੇ ਮੈਨੂੰ ਸਮਝ ਕੋਈ ਨਹੀਂ ਸੀ। ਬੇਬੇ ਵਿਚ ਕਦਾਈਂ ਆਪਣੀ ਗੱਲ ਕਰ ਜਾਂਦੀ, ਸਮਝ ਭਾਵੇਂ ਉਸ ਨੂੰ ਵੀ ਕੋਈ ਨਹੀਂ ਸੀ। ਮਾੜੀ ਵਾਹੀ ਦੇ ਦੋ ਨੁਕਸਾਨ ਹੁੰਦੇ ਹਨ। ਇਕ ਤਾਂ ਗੁਜ਼ਾਰਾ ਚੰਗਾ ਨਹੀਂ ਚਲਦਾ, ਦੂਜਾ ਪਿੰਡ ਵਿਚ ਇਜ਼ਤ ਘੱਟ ਜਾਂਦੀ ਹੈ। ਇਕ ਤਾਂ ਸ਼ਹਿਰ ਵਿਚ ਬਹੁਤੀ ਤਨਖਾਹ ਵਾਲਾ ਆਦਮੀ ਨਾਲੇ ਤਾਂ ਪੈਸੇ ਬਹੁਤੇ ਘਰ ਲੈ ਜਾਂਦਾ ਹੈ, ਨਾਲੇ ਉਹਦਾ ਸੱਜੇ ਖੱਬੇ ਰੁਹਬ ਹੁੰਦਾ ਹੈ। ਇਸੇ ਤਰ੍ਹਾਂ ਪਿੰਡ ਵਿਚ ਚੰਗੀ ਵਾਹੀ ਵਾਲੇ ਦਾ ਰੁਹਬ ਹੁੰਦਾ ਹੈ।

ਇਹ ਸਲਾਹਾਂ ਅਤੇ ਪਿੰਡ ਦੀਆਂ ਹੋਰ ਗੱਲਾਂ ਬਾਤਾਂ ਸੁਣਨ ਨਾਲ ਅਤੇ ਵਾਹੀ ਵਿਚ ਮਾੜਾ ਮੋਟਾ ਫਸਣ ਨਾਲ ਮੈਨੂੰ ਪੇਂਡੂ ਸਮਾਜ ਦਾ ਕੁਝ ਗਿਆਨ ਹੋ ਗਿਆ ਜਿਸ ਨੇ ਸਾਹਿੱਤ ਵਿਚ ਮੇਰੀ ਬੜੀ ਸਹਾਇਤਾ ਕੀਤੀ। ੧੯੪੭ ਤੋਂ ਪਿਛੋਂ ਪੇਂਡੂ ਵਾਤਾਵਰਨ ਵਿਚ ਕਹਾਣੀਆਂ ਲਿਖਣ ਦੀ ਮੇਰੀ ਸਮਰਥਾ ਘਟਦੀ ਗਈ।

ਅੱਠ ਦਸ ਕਹਾਣੀਆਂ ਛਪਣ ਪਿਛੋਂ ਪ੍ਰੋ. ਮੋਹਨ ਸਿੰਘ ਹੁਰਾਂ ਨਾਲ ਬੈਠਣ ਅਤੇ ਗੱਲਾਂ ਬਾਤਾਂ ਕਰਨ ਲਗ ਗਿਆ। ਉਹ ਮੇਰੀ ਬਹੁਤ ਉਸਤਤ ਕਰਦੇ ਅਤੇ ਮੈਨੂੰ ਵੱਡੇ ਵੱਡੇ ਰੂਸੀ ਅਤੇ ਅੰਗਰੇਜ਼ੀ ਕਹਾਣੀਕਾਰਾਂ ਨਾਲ ਤੁਲਨਾ ਦੇਂਦੇ। ਉਹ ਕਹਿੰਦੇ ਮੈਂ ਛੇਤੀ ਹੀ ਤੇਰੀਆਂ ਕਹਾਣੀਆਂ ਦੀ ਪੁਸਤਕ ਛਾਪਾਂਗਾ। ਇਹੋ ਜਿਹੀਆਂ ਗੱਲਾਂ ਸੁਣ ਕੇ ਮੈਂ ਬਹੁਤ ਘਬਰਾ ਜਾਂਦਾ। ਜਿਸ ਕਮਰੇ ਵਿਚ ਬੈਠੇ ਹੁੰਦੇ ਉਹ ਕਮਰਾ ਭੌਂਦਾ ਲਗਦਾ। ਮੈਂ ਕੁਝ ਬੋਲ ਸਕਦਾ, ਨਾ ਕੁਝ ਵੇਖ ਸਕਦਾ। ਬਸ ਕੁਰਸੀ ਨੂੰ ਹੱਥ ਪਾ ਕੇ ਬੈਠਾ ਰਹਿੰਦਾ।

ਉਸ ਵੇਲੇ ਤੱਕ ਮੈਨੂੰ ਕਹਾਣੀਆਂ ਦੇ ਮੇਰੇ ਨਾਂ ਥੱਲੇ ਪਰਚਿਆਂ ਵਿਚ ਛਪ ਜਾਣ ਦੇ ਪਿਛੋਂ ਦਾ ਕੁਝ ਪਤਾ ਨਹੀਂ ਸੀ। ਮੈਨੂੰ ਇਹ ਖਿਆਲ ਹੀ ਨਹੀਂ ਸੀ ਕਿ ਜੀਵਨ ਵਿਚ ਮੇਰਾ ਵੱਡਾ ਕੰਮ ਲਿਖਣਾ ਪੜ੍ਹਨਾ ਤੇ ਇਸ ਬਾਰੇ ਸੋਚਣਾ ਹੀ ਹੈ। ਮੈਂ ਆਪਣੇ ਆਪ ਨੂੰ ਨਿਰੋਲ ਸਾਹਿਤਿਕ ਵਿਅਕਤੀ ਨਹੀਂ ਸਮਝਦਾ ਸਾਂ ਜਿਵੇਂ ਹੁਣ ਸਮਝਦਾ ਹਾਂ। ਲਿਖਣ ਨੂੰ ਐਵੇਂ ਵਿਹਲੇ ਵੇਲੇ ਦਾ ਕੰਮ ਹੀ ਗਿਣਦਾ ਸਾਂ।

ਮੈਂ ਹਰ ਗੱਲ ਪਿੰਡ ਦੇ ਵਾਤਾਵਰਨ ਵਿਚ ਕਰਨ ਦਾ ਇੱਛਕ ਸਾਂ। ਜੇ ਕੋਈ ਖ਼ਿਆਲ ਮੈਨੂੰ ਸ਼ਹਿਰੀ ਜੀਵਨ ਵਿਚੋਂ ਵੀ ਸੁਝਦਾ ਤਾਂ ਮੈਂ ਉਸ ਨੂੰ ਧਿਕ ਕੇ ਪਿੰਡ ਲੈ ਜਾਂਦਾ ਤੇ ਉਥੋਂ ਦੇ ਪਾਤਰਾਂ ਰਾਹੀਂ ਉਘਾੜਦਾ। ਉਥੋਂ ਦੀ ਗੱਲ ਕਰਨਾ ਮੇਰੇ ਲਈ ਸੌਖਾ ਸੀ। 'ਮੂਹਲੀ ਜਿਡੇ ਡੌਲੇ' ਵਾਲੀ ਕਹਾਣੀ ਦਾ ਖਿਆਲ ਮੈਨੂੰ ਲਾਹੌਰ ਰਹਿੰਦਿਆਂ ਉਥੋਂ ਦੇ ਜੀਵਨ ਵਿਚੋਂ ਲੱਭਾ ਪਰ ਮੈਂ ਉਸ ਨੂੰ ਪਿੰਡ ਵਿਚ ਲੈ ਗਿਆ ਤੇ ਉਥੋਂ ਦੀ ਕਹਾਣੀ ਲਿਖੀ। 'ਪਾਸ਼ੇ' ਕਹਾਣੀ ਇਕ ਜਵਾਨ ਹੋ ਰਹੇ ਮੁੰਡੇ ਦੇ ਉਸ ਅਨੁਭਵ ਬਾਰੇ ਹੈ ਜਦੋਂ ਉਸਨੂੰ ਪਹਿਲੀ ਵਾਰ ਪਤਾ ਲਗਦਾ ਹੈ ਕਿ ਉਸ ਦੇ ਨਾਲ ਖੇਡਦੀ ਕੁੜੀ ਉਸ ਦੀ ਖੇਡ-ਸਾਥਣ ਹੋਣ ਤੋਂ ਬਿਨਾਂ ਇਕ ਹੋਰ ਕਮਾਲ ਦੀ ਚੀਜ਼ ਵੀ ਹੈ। ਇਹ ਅਨੁਭਵ ਕਿਸੇ ਵਿਅਕਤੀ ਨੂੰ ਪਿੰਡ ਵਿਚ ਰਹਿੰਦਿਆਂ ਵੀ ਹੋ ਸਕਦਾ ਹੈ ਅਤੇ ਸ਼ਹਿਰ ਵਿਚ ਵੀ। ਮੈਨੂੰ ਪੱਕਾ ਯਾਦ ਤਾਂ ਨਹੀਂ ਪਰ ਹੋ ਸਕਦਾ ਹੈ ਕਿ ਇਹ ਖਿਆਲ ਮੈਨੂੰ ਸ਼ਹਿਰ ਵਿਚ ਹੀ ਆਇਆ ਹੋਵੇ। ਪਰ ਮੈਂ ਇਸ ਨੂੰ ਵੀ ਪਿੰਡ ਦੀ ਕਹਾਣੀ ਬਣਾ ਕੇ ਹੀ ਲਿਖਿਆ। ਇਹ ਝੁਕਾਅ 'ਦੁੱਧ ਦਾ ਛੱਪੜ' (੧੯੫੫) ਤੀਕ ਚਲਦਾ ਰਿਹਾ। ਆਪਣੀ ਵਹੁਟੀ ਸਾਹਮਣੇ ਹੀਣਤ ਹੋਣ ਤੋਂ ਬਚਣ ਲਈ ਇਕ ਆਦਮੀ ਵਧੀਆ ਚਾਲ ਚੱਲਦਾ ਏ। ਇਹ ਕਹਾਣੀ ਮੈਨੂੰ ਸ਼ਹਿਰ ਵਿਚ ਰਹਿੰਦਿਆਂ ਸੁੱਝੀ। ਓਦੋਂ ਪਿੰਡ ਨਾਲੋਂ ਮੇਰਾ ਸੰਬੰਧ ਟੁੱਟਿਆਂ ਅੱਠ ਸਾਲ ਹੋ ਗਏ ਸਨ ਪਰ ਮੇਰੇ ਮਨ ਵਿਚ ਇਹ ਸੰਬੰਧ ਹਾਲੇ ਜਿਊਂਦਾ ਸੀ। ਹਰਬੰਸ ਸਿੰਘ ਨੇ ਚਾਰ-ਪੰਜ ਸਾਲ ਪਿਛੋਂ ਇਸ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਤੇ ਕਿਹਾ ਕਿ ਇਸ ਕਹਾਣੀ ਜਿਹਾ ਪੇਂਡੂ ਵਾਤਾਵਰਣ ਸਾਰੇ ਪੰਜਾਬੀ ਸਾਹਿੱਤ ਵਿਚ ਹੋਰ ਕਿਧਰੇ ਨਹੀਂ ਮਿਲਦਾ। ੧੯੬੦ ਵਿਚ 'ਗੋਲ੍ਹਾਂ' ਛਪੀ ਤਾਂ ਖ਼ੁਸ਼ਵੰਤ ਸਿੰਘ ਨੇ ਕਿਹਾ ਹੁਣ ਤੂੰ ਪਹਿਲੇ ਵਾਲਾ ਨਹੀਂ ਰਿਹਾ। ਤੇਰੀ ਕਿਰਤ ਵਿਚੋਂ ਪਿੰਡ ਦਾ ਨਾਂ ਨਿਸ਼ਾਨ ਉਡ ਗਿਆ ਹੈ। ਇਹ ਗੱਲ ਠੀਕ ਏ। ਕਿਰਤ ਕਰਦੇ ਪੇਂਡੂ ਦਾ ਹੁਣ ਮੇਰੇ ਮਨ ਵਿਚ ਕੋਈ ਨਕਸ਼ਾ ਨਹੀਂ। ਪਿਛਲੇ ਅਨੁਭਵ ਦੇ ਆਧਾਰ ਉਤੇ ਜੇ ਚਾਹਵਾਂ ਤਾਂ ਨਾਵਲ ਲਿਖ ਸਕਦਾ ਹਾਂ। ਕਹਾਣੀਆਂ ਲਿਖਣ ਲਈ ਪੁਰਾਣਾ ਅਨੁਭਵ ਕੰਮ ਨਹੀਂ ਆਉਂਦਾ।

ਸਾਡਾ ਪਿੰਡ ਪਾਕਿਸਤਾਨ ਬਣਨ ਪਿਛੋਂ ਉਜੜ ਗਿਆ। ਪਿੰਡ ਵਾਲੇ ਥਾਓ ਥਾਈਂ ਖਿੰਡ ਗਏ। ਮੈਂ ਸ਼ਹਿਰ ਵਿਚ ਨੌਕਰੀ ਕਰਨ ਲਗ ਪਿਆ। ਪਿੰਡ ਵਾਲੇ ਕੰਮ ਤੇ ਉਹੀ ਕਰਦੇ ਨੇ ਜੋ ਪਹਿਲਾਂ ਕਰਦੇ ਸਨ ਪਰ ਮੇਰੇ ਲਈ ਉਨ੍ਹਾਂ ਦੇ ਹੁਣ ਦੇ ਜੀਵਨ ਦਾ ਅਨੁਭਵ ਅਸੰਭਵ ਏ। ਮੈਂ ਜਦੋਂ ਉਨ੍ਹਾਂ ਕੋਲ ਜਾਵਾਂ ਵੀ ਤਾਂ ਪਿਛਲੇ ਪਿੰਡ ਆਉਣ ਦਾ ਅਹਿਸਾਸ ਕਦੀ ਨਹੀਂ ਹੁੰਦਾ। ਪਿਛਲੇ ਪਿੰਡ ਦੇ ਇਕ ਭਾਗ ਵਿਚ ਹੀ ਜਾਂਦਾ ਹਾਂ ਕਿਉਂਕਿ ਪਿੰਡ ਤਾਂ ਖਿੰਡ ਗਿਆ ਹੋਇਆ ਹੈ। ਮੈਂ ਜਦੋਂ ਜਾਵਾਂ ਤਾਂ ਉਹ ਇਕ ਦਮ ਸ਼ਰਾਬ ਲੱਭਣ ਤੇ ਕੁੱਕੜ ਫੜਨ ਲਗ ਜਾਂਦੇ ਹਨ। ਕੁੱਕੜ ਫੜਦਿਆਂ ਬਣਦਿਆਂ ਤਾਂ ਦੇਰ ਲੱਗਦੀ ਏ ਪਰ ਸ਼ਰਾਬ ਉਸੇ ਵੇਲੇ ਸ਼ੁਰੂ ਹੋ ਜਾਂਦੀ ਏ। ਪੰਜ ਸੱਤ ਬੰਦੇ ਇਕੱਠੇ ਹੋ ਜਾਂਦੇ ਨੇ। ਕੁਝ ਲਤੀਫ਼ੇ ਬਾਜ਼ੀ ਚਲਦੀ ਏ। ਕੁਝ ਚੌਧਰ ਨਾਲ ਸੰਬੰਧ ਰਖਦੇ ਟੋਟਕੇ ਬੋਲੇ ਜਾਂਦੇ ਨੇ ਤੇ ਫਿਰ ਅਜਿਹਾ ਸਮਾਂ ਆ ਜਾਂਦਾ ਏ ਜਦੋਂ ਕਿਸੇ ਗੱਲ ਦਾ ਅਰਥ ਕੋਈ ਮਨੋ-ਵਿਗਿਆਨੀ ਕੱਢ ਸਕੇ ਤਾਂ ਕੱਢੇ, ਮੇਰੇ ਲਈ ਕੁਝ ਨਹੀਂ ਹੁੰਦਾ। ਬਸ ਅਵਾਜ਼ਾਂ ਤੇ 'ਗੱਲ ਸੁਣ' ਹੀ 'ਗੱਲ ਸੁਣ'। ਸਵੇਰੇ ਜਿਣਸਾਂ ਦੇ ਭਾਵਾਂ ਦੀਆਂ, ਬੀਆਂ ਦੀਆਂ, ਖਾਦਾਂ ਦੀਆਂ, ਪਾਣੀਆਂ ਦੀਆ ਗੱਲਾਂ ਹੁੰਦੀਆਂ ਨੇ। ਉਨ੍ਹਾਂ ਦੀਆਂ ਆਪਣੀਆਂ ਹੀ ਕੋਈ ਜੜ੍ਹਾਂ ਨਹੀਂ ਲੱਗੀਆਂ। ਇਹ ਸ਼ਹਿਰੀ ਵਸੋਂ ਦਾ ਗੁਣ ਏ। ਬਹੁਤ ਵਧੀਆ ਫਸਲਾਂ ਹੁੰਦੀਆਂ ਨੇ, ਪਾਣੀ ਲਗਦੇ ਨੇ, ਮਹਿੰਗੇ ਭਾਅ ਵਿਕਦੀਆਂ ਨੇ। ਪਰ ਮੈਂ ਨਵੇਂ ਪਿੰਡਾਂ ਬਾਰੇ ਅਨੁਭਵ ਹਾਸਲ ਕਰਨ ਤੋਂ ਅਸਮਰਥ ਹਾਂ।

ਪਹਿਲਾ ਪਿੰਡ ਹੋਰ ਤਰ੍ਹਾਂ ਦਾ ਸੀ। ਪਿੰਡ ਦੇ ਸੌ ਡੇਢ ਸੌ ਜ਼ਿਮੀਂਦਰ ਘਰ ਅਸੀਂ ਇਕੋ ਵਡਿੱਕੇ ਦੀ ਔਲਾਦ ਸਾਂ। ਉਸ ਦੇ ਅੱਗੇ ਦੋ ਪੁਤਰ ਸਨ ਜਿਨ੍ਹਾਂ ਦੇ ਨਾਂ ਉਤੇ ਦੋ ਪੱਤੀਆਂ ਸਨ। ਇਕ ਨੂੰ ਚੜ੍ਹਦੀ ਪੱਤੀ ਆਖਦੇ ਸਨ ਤੇ ਦੂਜੀ ਨੂੰ ਲਹਿੰਦੀ ਪੱਤੀ, ਜ਼ਮੀ



Sri Satguru Jagjit Singh Ji eLibrary NamdhariElibrary@gmail.com

ਵਾਸਤੇ ਘਰ ਚੜ੍ਹਦੇ ਅਤੇ ਲਹਿੰਦੇ ਪਾਸੇ ਹੋਣ ਕਰ ਕੇ। ਪਿੰਡ ਵਿਚ ਰਹਿੰਦਿਆਂ ਅਸੀਂ ਚੜ੍ਹਦੀ ਪੱਤੀ ਵਾਲੇ ਲਹਿੰਦੀ ਪੱਤੀ ਨੂੰ ਆਪਣੇ ਤੋਂ ਬਹੁਤ ਦੂਰ ਗਿਣਦੇ ਸਾਂ। ਇਸਦਾ ਭਾਵ ਕੇਵਲ ਇਹ ਸੀ ਕਿ ਚੜ੍ਹਦੀ ਪੱਤੀ ਵਾਲੇ ਸਾਨੂੰ ਬਹੁਤ ਨੇੜੇ ਸਨ। ਸੱਤ ਪੀੜ੍ਹੀਆਂ ਉਤੇ ਜਾ ਕੇ ਅਸੀਂ ਸਾਰੇ ਇਕ ਹੋ ਜਾਂਦੇ ਸਾਂ। ਜਿਸ ਸਮੇਂ ਇਹ ਪੀੜ੍ਹੀਆਂ ਟੁਰੀਆਂ ਓਦੋਂ ਕੁ ਹੀ ਅਸੀਂ ਅਤੇ ਪੰਜਾਬ ਦੇ ਹੋਰ ਲੋਕ ਕੇਸ ਰੱਖ ਕੇ ਸਿੱਖ ਬਣੇ ਸਾਂ। ਜੇ ਹਿਸਾਬ ਲਾਈਏ ਤਾਂ ਰਾਜੇ ਆਲਾ ਸਿੰਘ ਤੋਂ ਪਿਛੋਂ, ਜਿਹੜਾ ਪਟਿਆਲੇ ਦੀ ਗੱਦੀ ਉਤੇ ਪਹਿਲਾ ਰਾਜਾ ਸੀ, ਹੁਣ ਤੱਕ ਸੱਤ ਹੀ ਪੀੜ੍ਹੀਆਂ ਬਣਦੀਆਂ ਨੇ। ਜਦੋਂ ਇਹ ਪੀੜ੍ਹੀਆਂ ਟੁਰਦੀਆਂ ਤਾਂ ਸਾਨੂੰ ਆਲੇ ਦੁਆਲੇ ਦੇ ਹੋਰ ਪਿੰਡਾਂ ਨਾਲ ਜੋੜਦੀਆਂ। ਇਕ ਪੀੜ੍ਹੀ ਉਤਾਂਹ ਟੁਰਨ ਨਾਲ ਇਕ ਦੋ ਪਿੰਡ ਹੋਰ ਨਾਲ ਆ ਰਲਦੇ। ਕਿਉਂਕਿ ਜੇ ਇਕ ਭਰਾ ਦੀ ਔਲਾਦ ਨੇ ਪੂਰਾ ਪਿੰਡ ਵਸਾ ਲਿਆ ਸੀ ਤਾਂ ਦੂਜੇ ਭਰਾ ਜਾਂ ਭਰਾਵਾਂ ਦੀ ਔਲਾਦ ਨੇ ਵੀ ਉਸੇ ਤਰ੍ਹਾਂ ਨੇੜੇ ਦੇ ਪਿੰਡ ਵਸਾਏ ਹੋਏ ਸਨ। ਵਿਰਕਾਂ ਦੇ ਉਥੇ ਕੁੱਲ ੧੨੦ ਪਿੰਡ ਸਨ। ਦਸ ਪੰਦਰਾਂ ਪੁਸ਼ਤਾਂ ਉਤਾਂਹ ਜਾ ਕੇ ਇਹ ਸਾਰੇ ਇਕ ਹੋ ਜਾਂਦੇ ਹੋਣਗੇ। ਇਸ ਤਰ੍ਹਾਂ ਇਹ ਸਿਲਸਿਲਾ ਸ਼ਾਇਦ ਗੁਰੂ ਨਾਨਕ ਜਾਂ ਉਸ ਤੋਂ ਪਿਛਾਂਹ ਖਿਲਜੀਆਂ ਦੇ ਰਾਜ ਤਕ ਅੱਪੜ ਜਾਂਦਾ ਹੋਵੇਗਾ। ਇਹ ਗੱਲਾਂ ਮੈਨੂੰ ਰੌਚਿਕ ਲਗਦੀਆਂ ਤੇ ਮੈਂ ਹੈਰਾਨ ਹੁੰਦਾ ਕਿ ਪੰਜਾਬ ਦਾ ਇੰਨਾ ਰੌਚਿਕ ਅਤੇ ਨਿਜੀ ਇਤਿਹਾਸ ਪੜ੍ਹਾਣ ਦੀ ਥਾਂ ਸਾਨੂੰ ਆਪਣੇ ਆਪ ਸਿੱਖਣ ਲਈ ਕਿਉਂ ਛੱਡ ਦਿੱਤਾ ਜਾਂਦਾ ਹੈ। ਸਕੂਲਾਂ ਕਾਲਿਜਾਂ ਵਿਚ ਕਿਉਂ ਨਹੀ ਦਸਿਆਂ ਜਾਂਦਾ। ਮੈਂ ਬੀ. ਏ. ਤੱਕ ਇਤਿਹਾਸ ਪੜ੍ਹਿਆ ਸੀ। ਜੇ ਐਮ. ਏ. ਤੱਕ ਵੀ ਪੜ੍ਹਦਾ ਤਾਂ ਵੀ ਇਹ ਗੱਲਾਂ ਕਿਸੇ ਨਹੀਂ ਸਨ ਦਸਣੀਆਂ ਤੇ ਸਾਨੂੰ ਆਪ ਹੀ ਅੰਗਰੇਜ਼ ਅਫਸਰਾਂ ਦੇ ਲਿਖੇ ਜ਼ਿਲਾ ਗਜ਼ਟੀਅਰਾਂ ਜਾਂ ਬੰਦੋਬਸਤ ਰਿਪੋਰਟਾਂ ਆਦਿ ਵਿਚੋਂ ਲੱਭਣੀਆਂ ਪੈਣੀਆਂ ਸਨ। ਖ਼ੈਰ ਸਾਡੇ ਪਿੰਡ ਵਾਲਿਆਂ ਨੂੰ ਇਨ੍ਹਾਂ ਗੱਲਾਂ ਦਾ ਪਤਾ ਸੀ ਅਤੇ ਉਨ੍ਹਾਂ ਦੇ ਜੀਵਨ ਇਨ੍ਹਾਂ ਗੱਲਾਂ ਦੁਆਲੇ ਹੀ ਉਸਰੇ ਹੋਏ ਸਨ।

ਜੋ ਚਿੰਤਨ ਭਾਰਤ ਵਿਚ ਪੱਛਮੀ ਜਾਂ ਕਮਿਊਨਿਸਟ ਪਾਰਟੀ ਦੇ ਅਸਰ ਥੱਲੇ ਹੋਇਆ ਏ ਉਸ ਵਿੱਚ ਇਨ੍ਹਾਂ ਗੱਲਾਂ ਨੂੰ ਛੁਪਾਣ ਦਾ ਜਤਨ ਕੀਤਾ ਗਿਆ ਹੈ। ਮੁੱਖ ਖ਼ਿਆਲ ਦੋਹਾਂ ਦਾ ਇਕੋ ਹੀ ਸੀ ਕਿ ਇਹ ਗੱਲਾਂ ਬੰਦੇ ਨੂੰ ਬੰਦੇ ਨਾਲੋਂ ਵਖਰਿਆਉਂਦੀਆਂ ਹਨ ਤੇ ਸਾਡਾ ਨਿਸ਼ਾਨਾ ਉਨ੍ਹਾਂ ਨੂੰ ਇਕੱਠੇ ਕਰਨਾ ਹੈ। ਪਰ ਇਕੱਠੇ ਹੋਣ ਦਾ ਸਾਧਨ ਕੀ ਆਪਣਾ ਆਪ ਭੁਲਣਾ ਹੀ ਹੈ? ਇਕ ਆਦਮੀ ਨੂੰ ਜੇ ਇਹ ਦੱਸ ਦੇਈਏ ਕਿ ਤੇਰਾ ਪਿਉ ਫਲਾਣਾ ਸੀ ਤੇ ਦਾਦਾ ਫਲਾਣਾ ਤਾਂ ਕੀ ਉਹ ਦੂਜਿਆਂ ਨਾਲ ਬੈਠਣ ਤੋਂ ਨਾਂਹ ਕਰ ਦੇਂਦਾ ਹੈ ਤੇ ਆਪਣੇ ਲਈ ਵਖਰੀ ਬੈਠਕ ਮੰਗਦਾ ਹੈ? ਕੱਲ੍ਹ ਨੂੰ ਕੋਈ ਜੇ ਉਨ੍ਹਾਂ ਨੂੰ ਝੂਠ ਮੂਠ ਇਹ ਕਹਿ ਦੇਵੇ ਕਿ ਇਹ ਧਰਤੀ ਤੁਹਾਡੀ ਨਹੀ ਹੈ ਜਾਂ ਤੁਸੀ ਇਨ੍ਹਾਂ ਲੋਕਾਂ ਵਿਚੋਂ ਨਹੀਂ ਹੋ ਤਾਂ ਉਹ ਕੀ ਜਵਾਬ ਦੇਣਗੇ? ਖ਼ੈਰ ਮੇਰੇ ਮਨ ਅੰਦਰ ਤੇ ਸਾਡੇ ਹੋਰ ਲੋਕਾਂ ਦੇ ਮਨ ਅੰਦਰ ਇਸ ਗੱਲ ਦੀ ਪਕੜ ਸੀ ਕਿ ਅਸੀਂ ਸੈਂਕੜੇ ਸਾਲਾਂ ਤੋਂ ਏਥੇ ਬੈਠੇ ਹੋਏ ਹਾਂ, ਇਸ ਧਰਤੀ ਉਤੇ ਪਹਿਲਾਂ ਮੱਝਾਂ ਚਾਰਦੇ ਅਤੇ ਫਿਰ ਵਾਹੀ ਕਰਦੇ ਰਹੇ ਹਾਂ।

ਵਿਰਕਾਂ ਦੇ ਪਿੰਡਾਂ ਤੋਂ ਪਰ੍ਹਾਂ ਪੰਝੀ-ਤੀਹ ਮੀਲ ਦੀ ਵਿੱਥ ਤੇ ਮੇਰੇ ਨਾਨਕਿਆਂ ਦਾ ਪਿੰਡ ਸੀ। ਉਹ ਚੱਠੇ ਸਨ। ਗੁਜਰਾਂਵਾਲੇ ਦੀ ਹਾਫ਼ਿਜ਼ਾਬਾਦ ਅਤੇ ਵਜ਼ੀਰਬਾਦ ਤਹਿਸੀਲਾਂ ਵਿਚ ਚੱਠਿਆਂ ਦੇ ਬਹੁਤ ਸਾਰੇ ਪਿੰਡ ਸਨ। ਇਕ ਪਿੰਡ ਇਕ ਆਦਮੀ ਦਾ ਨਹੀਂ ਸਗੋਂ ਇਕ ਬਰਾਦਰੀ ਜਾਂ ਭਾਈਚਾਰੇ ਦਾ ਹੁੰਦਾ ਹੈ ਤੇ ਹੋ ਸਕਦਾ ਹੈ ਕਿਸੇ ਨੂੰ ਵਿਚੋਂ ਦੋ ਏਕੜ ਭੋਇੰ ਵੀ ਨਾ ਆਉਂਦੀ ਹੋਵੇ। ਚੱਠੇ ਬਹੁਤੇ ਮੁਸਲਮਾਨ ਸਨ ਪਰ ਪਿਛੋਂ ਉਹ ਸਾਰੇ ਇਕੋ ਵਡਿੱਕੇ ਦੀ ਔਲਾਦ ਸਨ। ਇਸ ਲਈ ਉਹ ਮੁਸਲਮਾਨ ਵੀ ਸਾਨੂੰ ਹੋਰਨਾਂ ਨਾਲੋਂ ਸਕੇ ਸਨ। ਇਹ ਬਰਾਦਰੀਆਂ ਇਕ ਦੂਜੇ ਤੋਂ ਵੱਡੀਆਂ ਛੋਟੀਆਂ ਨਹੀਂ ਹਨ ਕੇਵਲ ਕਿਸਾਨ-ਵੰਡ ਦੀ ਗੱਲ ਹੈ ਜਿਹੜੀਆਂ ਬਰਾਦਰੀਆਂ ਇਕ ਦੂਜੇ ਵੱਲ ਸਾਕ ਕਰਦੀਆਂ ਹੋਣ ਉਨ੍ਹਾਂ ਦੇ ਵੱਡੇ ਛੋਟੇ ਹੋਣ ਦਾ ਕੋਈ ਸਵਾਲ ਨਹੀਂ। ਮੇਰਾ ਇਕ ਭਰਾ ਜ਼ਿਲ੍ਹਾ ਲਾਹੌਰ ਵਿਚ ਢਿੱਲੂਆਂ ਦੇ ਘਰ ਵਿਆਹਿਆ ਹੋਇਆ ਸੀ। ਢਿੱਲੂਆਂ ਦੇ ਪਾਕਿਸਤਾਨ ਸਰਹੱਦ ਦੇ ਆਰ ਪਾਰ ਬਹੁਤ ਸਾਰੇ ਪਿੰਡ ਸਨ, ਪਰਤਾਪ ਸਿੰਘ ਕੈਰੋਂ ਤੇ ਗੁਰਦਿਆਲ ਸਿੰਘ ਢਿਲੋਂ ਦਾ ਇਲਾਕਾ। ਮੈਂ ਆਪ ਏਧਰ ਆ ਕੇ ਗਰੇਵਾਲਾਂ ਦੇ ਵਿਆਹਿਆ ਗਿਆ ਜਿਹੜੀ ਬਰਾਦਰੀ ਲੁਧਿਆਣੇ ਦੇ ਗੁਜਰਵਾਲ ਦੇ ਨੇੜੇ ਦੇ ਇਲਾਕੇ ਵਿਚ ਰਹਿੰਦੀ ਹੈ। ਸਾਰੀਆਂ ਬਰਾਦਰੀਆਂ ਇਕ ਦੂਜੇ ਵੱਲ ਸਾਕ ਲੈਂਦੀਆਂ ਦੇਂਦੀਆਂ ਹਨ। ਕੋਈ ਵੀ ਵੱਡੀ ਜਾਂ ਛੋਟੀ ਨਹੀਂ।

ਮੈਂ ਦੱਸ ਰਿਹਾ ਸਾਂ ਕਿ ਭਾਰਤ ਵਿਚ ਆਕੇ ਜਿਹੜੇ ਨਵੇਂ ਪਿੰਡਾਂ ਵਿਚ ਵਿਰਕ ਵਸੇ ਹਨ ਉਨ੍ਹਾਂ ਪਿੰਡਾਂ ਵਿਚ ਅੱਜ ਕੱਲ ਦਾ ਜੀਵਨ ਕਿਹੋ ਜਿਹਾ ਹੈ, ਮੈਨੂੰ ਇਸ ਦਾ ਕੋਈ ਅਨੁਭਵ ਨਹੀਂ। ਇਸ ਲਈ ਕਹਾਣੀ ਵਿਚ ਵੀ ਮੈਨੂੰ ਅਜ-ਕਲ ਦੇ ਕਿਸੇ ਪਿੰਡ ਵਿਚ ਵੜਨ ਤੋਂ ਡਰ ਲੱਗਦਾ ਏ। 'ਸ਼ੇਰਨੀਆਂ' ਵਿਚ ਪਿੰਡ ਵਿਚ ਪੜ੍ਹਾਣ ਜਾਂਦੀ ਕੁੜੀ ਨੂੰ ਮੈਂ ਸੜਕ ਤੋਂ ਹੀ ਵਿਦਿਆ ਕਰ ਦੇਂਦਾ ਹਾਂ। ਉਸ ਦੇ ਨਾਲ ਪਿੰਡ ਵਿਚ ਨਹੀਂ ਜਾਂਦਾ। ਮੈਨੂੰ ਝਾਕਾ ਆਉਂਦਾ ਏ। ਮੁਢੋਂ ਸੁਢੋਂ ਕਹਾਣੀ ਵਿਚ ਮੈਂ ਪਿੰਡ ਵਿਚ ਇਕ ਖ਼ਾਸ ਘਟਨਾ ਨੂੰ ਵੇਖਣ ਪਰਦੇਸੀਆਂ ਵਾਂਗ ਜਾਂਦਾ ਹਾਂ ਜਿਵੇਂ ਹੋਰ ਲੋਕ ਜਾਂਦੇ ਹਨ। ਇਸ ਘਟਨਾ ਬਾਰੇ ਹੀ ਵੇਖ ਸੁਣ ਸਕਦਾ ਹਾਂ, ਪਿੰਡ ਦੇ ਜੀਵਨ ਵਿਚ ਪ੍ਰਵੇਸ਼ ਨਹੀਂ ਕਰ ਸਕਦਾ। ਮੇਰਾ ਸ਼ਹਿਰ ਵਿਚ ਰਹਿੰਣਾ, ਮੇਰਾ ਕੰਮ, ਸਾਡੇ ਆਪਣੇ ਪਿੰਡ ਦਾ ਉਜੜ ਜਾਣਾ ਤੇ ਏਸ ਪਾਸੇ ਕੋਈ ਪੁਰਾਣਾ ਪਿੰਡ ਨਾ ਹੋਣ ਕਰ ਕੇ ਕਿਧਰੇ ਜੜ੍ਹਾਂ ਨਾ ਲਗਣੀਆਂ, ਇਹ ਸਭ ਗੱਲਾਂ ਮੇਰੇ ਹੁਣ ਦੇ ਪੇਂਡੂ ਜੀਵਨ ਦੇ ਚਿਤਰਨ ਦੇ ਰਾਹ ਵਿਚ ਰੁਕਾਵਟਾਂ ਹਨ। ਜਿਸ ਗੱਲ ਦੀ ਮੇਰਾ ਦਿਲ ਸਾਖੀ ਨਾ ਭਰੇ ਉਹ ਮੈਂ ਕਰਨ ਤੋਂ ਸੰਕੋਚ ਕਰਦਾ ਹਾਂ। ਅਸਲ ਵਿਚ ਮੇਰੇ ਉਹ ਗੱਲ ਕਰਨ ਦੀ ਲੋੜ ਹੀ ਨਹੀਂ। ਉਸ ਤੋਂ ਕਿਸੇ ਦਾ ਥੁੜਿਆ ਵੀ ਕੀ ਹੈ?

ਇਹੀ ਗੱਲ ਸਮਾਜ ਦੀ ਸਭ ਤੋਂ ਵੱਧ ਪੀੜਤ ਸ਼੍ਰੇਣੀ ਦੇ ਮੇਰੇ ਚਿਤਰਨ ਉਤੇ ਵੀ ਢੁਕਦੀ ਹੈ। ਮੈਂ ਇਸ ਵਿਚ ਕਦੀ ਨਹੀਂ ਵੜਿਆ। ਮੈਨੂੰ ਸੰਪਤੀ ਰਹਿਤ ਜਾਂ ਘੋਰ ਨਿਰਾਦਰ ਵਾਲੇ ਜੀਵਨ ਦਾ ਕੋਈ ਅਨੁਭਵ ਨਹੀਂ। ਅਗੇ ਵਾਹੀ ਏਨਾ ਘਾਟੇ ਵਾਲਾ ਸੌਦਾ ਹੁੰਦਾ ਸੀ ਕਿ ਇਹ ਬੁਝਣਾ ਔਖਾ ਹੁੰਦਾ ਸੀ ਕਿ ਜਿਨ੍ਹਾਂ ਹੋਰ


Sri Satguru Jagjit Singh Ji eLibrary NamdhariElibrary@gmail.com

## .ਗ਼ਜ਼ਲ

**ਅਜੈਬ ਸਿੰਘ**

ਤੇਰੀ ਨਜ਼ਰ ਦੀ ਕਰਾਮਾਤ ਹੈ
ਹੋਈ ਚਾਨਣੀ ਮੇਰੀ ਹਰ ਰਾਤ ਹੈ
ਤੇਰੇ ਸਹਾਰੇ ਤੇ ਉੜਿਆ ਫਿਰਾਂ
ਮੇਰੀ ਵਗਰਨਾ ਕੀ ਔਕਾਤ ਹੈ
ਤੇਰੇ ਮਿਲਣ ਦੀ ਬੜੀ ਤੜਪ ਹੈ
ਤੇਰੇ ਬਾਝ ਜੀਵਨ ਹਵਾਲਾਤ ਹੈ
ਨੇਰੇ ਸਵੇਰੇ ਦੀ ਦੂਰੀ ਮਿਟੀ
ਹਰ ਰਾਤ ਹੀ ਮੇਰੀ ਸ਼ਬਰਾਤ ਹੈ
ਮੈਨੂੰ ਜੋ ਹੰਝੂਆਂ ਦੀ ਦੌਲਤ ਮਿਲੀ
ਤੇਰੀ ਖਾਸ ਬਖਸ਼ਸ਼ ਹੈ ਸੌਗਾਤ ਹੈ
ਸ਼ਰਾਬੂਰ ਹੋਏ ਆਂ ਮਦਹੋਸ਼ ਹਾਂ
ਤੇਰੇ ਨੂਰ ਦੀ ਕੈਸੀ ਬਰਸਾਤ ਹੈ
ਸਭ ਤੇਰਾ ਕਰਿਸ਼ਮਾ ਹੈ ਤੇਰਾ ਕਮਾਲ
ਮੁਠੀ 'ਚ ਆਈ ਕਾਇਨਾਤ ਹੈ।

**ਅਸੀਸ, ਦੀ ਮਾਲਾ ਕਪੂਰਥਲਾ**

ਗਰੀਬਾਂ ਨੂੰ ਉਹ ਅਗੇ ਕੰਮ ਲਾਂਦੇ ਹਨ ਉਹ ਵੱਧ ਸੌਖੇ ਹਨ ਜਾਂ ਉਹ ਆਪ ਕੰਮ ਉਤੇ ਲਾਣ ਵਾਲੇ। ਚੰਗੇ ਕਾਮੇ ਨੂੰ ਸਾਰਾ ਸਾਲ ਰੋਟੀ ਮਾਲਕ ਕਿਸਾਨ ਕੋਲੋਂ ਖਾਣ ਪਿਛੋਂ ਸਾਲ ਦੇ ਅਖੀਰ ਉਤੇ ਚਾਲੀ ਮਣ ਕਣਕ ਮਿਲਦੀ ਸੀ। ਚੂੰਕਿ ਉਹਦੀ ਵਹੁਟੀ ਵੀ ਕਿਸਾਨ ਦੇ ਘਰ ਦਾ ਕੰਮ ਕਰਦੀ ਸੀ ਉਹ ਆਪਣੇ ਜੋਗੀ ਰੋਟੀ ਲੈ ਜਾਂਦੀ ਹੋਵੇਗੀ। ਕਈ ਕਿਸਾਨ ਭਾਵੇਂ ਉਹ ਮੂੰਹੋ ਨਾ ਕਹਿੰਦੇ ਹੋਣ, ਸਾਲ ਦੇ ਅੰਤ ਉਤੇ ਇਤਨੀ ਬੱਚਤ ਲਈ ਤਰਸਦੇ ਹੋਣਗੇ। ਉਨ੍ਹਾਂ ਨੇ ਮਾਮਲਾ ਤਾਰਨ ਲਈ ਸ਼ਾਇਦ ਕਰਜ਼ਾ ਚੁੱਕਣਾ ਹੁੰਦਾ ਸੀ। ਪਰ ਇਹ ਵਖਤਾਂ ਅਤੇ ਕਰਜ਼ਿਆਂ ਵਾਲਾ ਜੀਵਨ ਜਿਉਂਦਾ ਹੋਇਆ ਵੀ ਉਹ ਪਿੰਡ ਵਿਚ ਇਕ (ਜ਼ਮੀਨ ਦਾ) ਮਾਲਕ ਸੀ। ਤੇ ਉਥੋਂ ਦੇ ਅਤੇ ਹੋਰ ਨੇੜੇ ਤੇੜੇ ਦੇ ਵੱਡੇ ਤੋਂ ਵੱਡੇ ਆਦਮੀ ਦੇ ਬਰਾਬਰ ਸੀ, ਠਾਣੇਦਾਰ ਜਾਂ ਤਹਿਸੀਲਦਾਰ ਦੀ ਗੱਲ ਵੱਖਰੀ ਸੀ। ਆਮ ਕਰ ਕੇ ਕਿਸੇ ਹੋਰ ਕਾਮੇ ਨੂੰ ਉਹ ਬੜੀ ਮਿੰਨਤ ਨਾਲ ਕੰਮ ਕਰਨ ਆਉਣ ਲਈ ਆਖਦਾ ਸੀ। ਪਰ ਆਖਦਾ ਤਾਂ ਆਖ਼ਰ ਇਹ ਸੀ ਨਾ ਕਿ ਮੇਰੇ ਖੇਤ ਵਿਚ ਕੰਮ ਕਰਨ ਆਵੇ। ਇਨ੍ਹਾਂ ਪਿੰਡਾਂ ਦੇ ਬੇਜ਼ਮੀਨੇ ਕਾਮਿਆਂ ਦੇ ਘਰਾਂ ਵਿਚ ਕਿਵੇਂ ਹੁੰਦਾ ਸੀ, ਇਸ ਦਾ ਮੈਨੂੰ ਚੰਗਾ ਅਨੁਭਵ ਨਹੀਂ। ਖੇਤ-ਕਾਮਿਆਂ ਤੋਂ ਬਿਨਾਂ ਪਿੰਡਾਂ ਵਿਚ ਹੋਰ ਬੇ-ਜ਼ਮੀਨੇ ਲੋਕ ਵੀ ਬਹੁਤ ਹੁੰਦੇ ਸਨ। ਅਸਲ ਵਿਚ ਛੋਟੀ ਮਾਲਕੀ ਦੇ ਪਿੰਡਾਂ ਵਿਚ ਵੀ ਬਹੁਗਿਣਤੀ ਇਨ੍ਹਾਂ ਦੀ ਹੀ ਹੁੰਦੀ ਸੀ। (ਜੇ ਇਹ ਗੱਲ ਨਾ ਹੁੰਦੀ ਤਾਂ ਪਾਕਿਸਤਾਨ ਦੀ ਸਰਹੱਦ ਅੰਮ੍ਰਿਤਸਰ ਦੇ ਏਨੀ ਨੇੜੇ ਨਾ ਬਣਦੀ)। ਇਨ੍ਹਾਂ ਦੇ ਘਰਾਂ ਦਾ ਵੀ ਮੈਨੂੰ ਕੋਈ ਪਤਾ ਨਹੀਂ ਸੀ। ਪਿੰਡਾਂ ਵਿਚ ਮੁੰਡਿਆਂ ਦੇ ਇਕ ਦੂਜੇ ਘਰ ਜਾਣ ਦਾ ਕੋਈ ਰਿਵਾਜ ਨਹੀਂ ਸੀ। ਉਹ ਖੇਡਣ ਲਈ ਪਿੰਡ ਦੇ ਬਾਹਰ ਹੀ ਇਕੱਠੇ ਹੁੰਦੇ ਅਤੇ ਕੰਮ ਦੂਰ ਖੇਤਾਂ ਵਿਚ ਕਰਦੇ। ਕੁੜੀਆਂ ਹੀ ਇਕ ਦੂਜੀ ਦੇ ਘਰਾਂ ਵਿਚ ਜਾਂਦੀਆਂ ਹਨ।

ਕੁਝ ਮਿਤਰ ਇਹ ਕਹਿੰਦੇ ਹਨ ਕਿ ਭਾਵੇਂ ਮੈਂ ਸਮਾਜ ਦੀ ਤੋਰ ਨੂੰ ਜਾਂਚ ਕੇ ਰੂਪਮਾਨ ਵੀ ਕਰ ਸਕਦਾ ਹਾਂ ਮੈਂ ਉਸ ਨੂੰ ਕਮਿਊਨਿਸਟ ਦਰਸ਼ਨ ਅਨੁਸਾਰ ਬਦਲਦਾ ਨਹੀਂ ਚਿਤਰਦਾ। ਕਿਧਰੇ ਕ੍ਰਾਂਤੀ ਦੀ ਗੱਲ ਨਹੀਂ, ਨਾ ਹੀ ਮੈਂ ਕੋਈ ਕ੍ਰਾਂਤੀਕਾਰ ਪਾਤਰ ਚਿਤਰਿਆ ਹੈ। ਇਹ ਗੱਲ ਠੀਕ ਹੈ। ਜੇ ਆਪਣੇ ਕੋਲੋਂ ਘੜ ਕੇ ਹੀ ਕੁਝ ਚਿਤਰਨਾ ਹੈ ਤਾਂ ਕਮਿਊਨਿਸਟ ਆਪ ਹੀ ਚਿਤਰ ਸਕਦੇ ਹਨ। ਕਿਸੇ ਲੇਖਕ ਦੀ ਕੀ ਲੋੜ ਹੈ? ਅਸਾਂ ਆਪਣੀ ਸੰਭਾਲ ਵਿਚ ਕੋਈ ਕ੍ਰਾਂਤੀ ਨਹੀਂ ਵੇਖੀ। ਸਮਝੌਤੇ ਹੁੰਦੇ ਹੀ ਵੇਖੇ ਹਨ। ਅਕਾਲੀਆਂ ਦਾ ਤੇ ਕਦੀ ਕਮਿਊਨਿਸਟਾਂ ਦਾ ਕਾਂਗਰਸ ਨਾਲ ਸਮਝੌਤਾ, ਕਮਿਊਨਿਸਟਾਂ (ਖੱਬੇ ਤੇ ਸੱਜੇ ਦੋਹਾਂ) ਦਾ ਅਕਾਲੀਆਂ ਅਤੇ ਜਨ ਸੰਘ ਨਾਲ ਸਮਝੌਤਾ ਆਦਿ। ਫਿਰ ਉਸ ਨੂੰ ਚਿਤਰਾਂ ਕਿਵੇਂ?

ਉਂਜ ਮੈਂ ਆਲੇ ਦੁਆਲੇ ਦੇ ਲੋਕਾਂ ਬਾਰੇ ਕਾਫ਼ੀ ਚਿੰਤਾਤੁਰ ਰਹਿੰਦਾ ਹਾਂ। ਦੋ ਵੱਡੇ ਕੰਮ ਗਰੀਬੀ ਹਟਾਣਾ ਤੇ ਲੋਕਾਂ ਨੂੰ ਨਵੇਂ ਜ਼ਮਾਨੇ ਬਾਰੇ ਗੱਲਾਂ ਦੱਸਣੀਆਂ ਹਨ। ਕਈ ਵਾਰੀ ਮੇਰੇ ਲਈ ਭਲੇ ਬੁਰੇ ਦੀ ਪਛਾਣ ਮੁਸ਼ਕਿਲ ਹੁੰਦੀ ਏ ਪਰ ਜਿਨ੍ਹਾਂ ਗੱਲਾਂ ਬਾਰੇ ਮੈਂ ਪੱਕਾ ਨਹੀਂ ਉਨ੍ਹਾਂ ਵਿਚੋਂ ਇਕ ਲਿੰਗ ਸਬੰਧ ਹਨ। ਇਸ ਬਾਰੇਂ ਰੋਲ-ਘਚੋਲਾ ਇਸ ਕਰਕੇ ਹੈ ਕਿ ਲੋਕ ਆਪਣੇ ਲਈ ਹੋਰ ਤਰ੍ਹਾਂ ਸੋਚਦੇ ਹਨ ਤੇ ਲੋਕਾਂ ਲਈ ਹੋਰ ਤਰ੍ਹਾਂ। ਲੜਕੀਆਂ ਲੜਕਿਆਂ ਦੀ ਇਕੱਠੇ ਪੜ੍ਹਾਈ ਦੇ ਇਕ ਕਾਲਿਜ ਵਿਚ ਮੈਂ ਵੇਖਿਆ ਕਿ ਉਥੇ ਕੁੜੀਆਂ ਮੁੰਡਿਆਂ ਨੂੰ ਆਪੋ ਵਿਚ ਗੱਲ ਕਰਨੀ ਵੀ ਮਨ੍ਹਾ ਸੀ। ਪ੍ਰਿੰਸੀਪਲ ਦੇ ਇਕ ਇਸਤਰੀ-ਪ੍ਰੋਫ਼ੈਸਰ ਨਾਲ ਗੂੜ੍ਹੇ ਸਬੰਧ ਸਨ ਤੇ ਉਹ ਦੋਵੇਂ ਮਿਲ ਕੇ ਇਸ ਨਿਯਮ ਦੀ ਕਰੜੀ ਪਾਲਣਾ ਕਰਵਾਉਂਦੇ। 'ਸਾਡੇ ਉਤੇ ਬਹੁਤ ਵੱਡੀ ਜ਼ਿੰਮੇਵਾਰੀ ਹੈ' ਇਹ ਆਖਦੇ ਤੇ ਜਿਹੜੇ ਸੰਬੰਧ ਉਨਾਂ ਦੇ ਆਪ ਦੇ ਸਬੰਧਾਂ ਦੇ ਪਾਸਕੂ ਵੀ ਨਾ ਹੁੰਦੇ ਉਨ੍ਹਾਂ ਲਈ ਸਜ਼ਾਵਾਂ ਦੇਂਦੇ। ਅੱਜ ਤੋਂ ਪੰਦਰਾਂ ਸਾਲ ਪਹਿਲਾਂ ਮੈਂ ਕਹਾਣੀ 'ਦੋ ਝਾਕੀਆਂ' ਲਿਖੀ ਸੀ। ਉਸ ਵਿਚ ਇਕ ਪਤੀ-ਬਰਤਾ ਇਸਤਰੀ ਅਤੇ ਇਕ ਖੁਲ੍ਹੇ ਸੁਭਾਅ ਦੀ ਇਸਤਰੀ ਵਿਖਾਈ ਸੀ। ਮੈਨੂੰ ਦੋਵੇਂ ਚੰਗੀਆਂ ਲਗੀਆਂ ਸਨ। ਭਾਵੇਂ ਖੁਲ੍ਹੇ ਸੁਭਾਅ ਵਾਲੀ ਇਸਤਰੀ ਨੇ ਪੜ੍ਹ ਕੇ ਸ਼ਿਕਾਇਤ ਕੀਤੀ ਸੀ ਕਿ ਉਸ ਦਾ ਚਰਿਤਰ ਖ਼ਰਾਬ ਵਿਖਾਇਆ ਗਿਆ ਹੈ।

ਇਸੇ ਵੇਲੇ ਮਨ ਦੀ ਹਾਲਤ ਇਹ ਹੈ ਕਿ ਹੋਰ ਕਿਸੇ ਪ੍ਰਕਾਰ ਦੀ ਸੰਭਵ ਪ੍ਰਾਪਤੀ ਨਾਲੋਂ ਕੁਝ ਜਾਨਣ, ਸਮਝਣ ਅਤੇ ਲਿਖਣ ਵਿਚ ਪ੍ਰਾਪਤੀ ਨੂੰ ਉਤਮ ਗਿਣਦਾ ਹਾਂ ਅਤੇ ਇਸ ਵਿਚ ਹੀ ਬਹੁਤਾ ਮਨ ਲਗਦਾ ਹੈ। ਮੈਨੂੰ ਅਯੋਗ ਆਦਰ ਮਿਲੇ ਹੋਣ ਦਾ ਵੀ ਕੁਝ ਅਹਿਸਾਸ ਹੈ ਤੇ ਉਸ ਦਾ ਭਾਰ ਲਾਹੁਣ ਲਈ ਵੀ ਮੈਂ ਲਿਖਦੇ ਰਹਿਣਾ ਚਾਹੁੰਦਾ ਹਾਂ।

*("ਕੁਲਵੰਤ ਸਿੰਘ ਵਿਰਕ: ਵਿਅਕਤੀਤਵ, ਸਾਹਿਤਕ ਪਿਛੋਕੜ ਤੇ ਮੁਲਾਂਕਣ" ਵਿਚ ਸੰਪਾਦਕ ਤਰਨਜੀਤ ਅਤੇ ਸੁਰਤਾਲ ਪ੍ਰਕਾਸ਼ਨ ਪਰਤਾਬਪੁਰਾ ਦੇ ਧੰਨਵਾਦ ਸਹਿਤ)*



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

**ਮਹਿਮਾ ਸਿੰਘ**

*ਮੰਜ਼ਿਲ ਵੱਲ ਝਾਤੀ ਮਾਰਦਿਆਂ ਖ਼ੁਦ ਨੂੰ ਸਮਝਾਉਣਾ ਪੈਂਦਾ ਹੈ*
*ਹਰ ਇਕ ਮੰਜ਼ਿਲ ਤਕ ਜਾਣ ਲਈ ਬਹੁ-ਦਰਦ ਹੰਢਾਉਣਾ ਪੈਂਦਾ ਹੈ*
*ਦਿਲ ਜਲਦਾ ਹੈ ਦਿਲ ਡੁੱਬਦਾ ਹੈ ਦਿਲ ਹੋ ਜਾਂਦਾ ਰੇਜ਼ਾ-ਰੇਜ਼ਾ*
*ਰੇਜ਼ਾ-ਰੇਜ਼ਾ ਹੋਏ ਦਿਲ ਚੋਂ ਵੀ ਇਕ ਰਸ ਟਪਕਾਉਣਾ ਪੈਂਦਾ ਹੈ*
*ਉਹ ਨੇੜੇ ਹੈ ਉਹ ਦੂਰ ਨਹੀਂ ਉਹ ਖ਼ੁਦ-ਰੋ ਹੈ ਮਜਬੂਰ ਨਹੀਂ*
*ਵਸਲਾਂ ਦੇ ਸਮੇਂ ਤੱਕ ਆਸ਼ਿਕ ਨੂੰ ਇੰਜ ਮਨ ਪਰਚਾਉਣਾ ਪੈਂਦਾ ਹੈ*
*ਦਿਲ ਦਮ ਭਰਦਾ ਹੈ ਯਾਰਾਂ ਦਾ ਸੋਹਣੇ ਬਾਂਕੇ ਦਿਲਦਾਰਾਂ ਦਾ*
*ਉਹ ਅਜ਼ਮਾਉਂਦੇ ਨੇ ਇਸ ਦਿਨ ਨੂੰ ਜਦ ਵੀ ਅਜ਼ਮਾਉਣਾ ਪੈਂਦਾ ਹੈ*
*ਜਦ ਵਣ ਸੁੱਕਦੇ ਨੇ ਧਰਤੀ ਦੇ ਇਕ ਲੰਬੀ ਔੜ ਹੈ ਲੱਗ ਜਾਂਦੀ*
*ਉਸ ਮਿੱਤਰਾਂ ਵਾਲੇ ਦਾਤੇ ਨੂੰ ਅੰਮ੍ਰਿਤ ਵਰਸਾਉਣਾ ਪੈਂਦਾ ਹੈ*
*ਇਕ ਧੂਫ ਧੁਖਾਉਣੀ ਪੈਂਦੀ ਹੈ ਪੌਣਾਂ ਵਿਚ ਖ਼ੁਸ਼ਬੂ ਭਰਨ ਲਈ*
*ਜੋ ਕੀਲੇ ਬੁਰੀਆਂ ਰੂਹਾਂ ਨੂੰ ਉਹ ਸਾਜ਼ ਵਜਾਉਣਾ ਪੈਂਦਾ ਹੈ*
*ਜਦ ਘੁੱਪ ਹਨੇਰੇ ਵਿਚ ਕਿਧਰੇ ਸੂਰਜ ਦੀ ਕਿਰਨ ਨਹੀਂ ਦਿਸਦੀ*
*ਆਪਣੇ ਹੀ ਲਹੂ ਦੀ ਲੋਅ ਵਿਚੋਂ ਇਕ ਦੀਪ ਜਗਾਉਣਾ ਪੈਂਦਾ ਹੈ।*

**ਹਲਵਾਰਾ (ਲੁਧਿਆਣਾ)**
**141107**

ਕਵਿਤਾ

# "ਅਤੀਤ ਦਾ ਸਾਇਆ"

**(ਤਰਲੋਕ ਮਨਸੂਰ)**

ਉਂਜ ਤੇ ਗਿਆਨਵਾਨ ਹਾਂ ਮੈਂ।
ਜਾਣਦਾ ਹਾਂ-
ਦੁੱਖ ਨੂੰ, ਸੁੱਖ ਨੂੰ, ਆਨੰਦ ਨੂੰ।
ਦੁੱਖ ਹੈ ਇਕ ਉਤੇਜਨਾ,
ਜੋ ਦਿਲ ਨੂੰ ਬੇ-ਆਰਾਮ ਕਰਦੀ ਹੈ,
ਸੁੱਖ ਵੀ ਇਕ ਉਤੇਜਨਾ ਹੈ-
ਚਿਤ ਲਈ ਖ਼ੁਸ਼ੀਆਂ ਦੇ ਜਾਮ ਭਰਦੀ ਹੈ,
ਤੇ ਆਨੰਦ?
ਦੁੱਖ ਤੋਂ ਸੁੱਖ ਤੋਂ, ਮੁਕਤੀ ਦਾ ਨਾਂ ਹੈ।
ਅੰਦਰ ਮੌਲੇ ਚੇਤਨਾ ਦੇ ਰੁੱਖ ਦੀ ਸੀਤਲ ਜਹੀ ਛਾਂ ਹੈ।
ਦੁੱਖ ਤੇ ਸੁੱਖ ਦੋਵੇਂ,
ਬਾਹਰੀ ਪ੍ਰਭਾਵਾਂ ਦੀ ਦੇਣ ਹਨ।
ਆਨੰਦ?
ਅੰਦਰਲੀ ਸੁਪਨੀਲੀ ਪ੍ਰਭਾਤ ਦਾ ਪ੍ਰਤੀਕ ਹੈ।
ਦੁੱਖ ਸੁੱਖ ਦੀ ਖਿਚੋਤਾਣ ਵਿੱਚ
ਜਿੰਦ ਸਦਾ ਅਸ਼ਾਂਤ ਰਹਿੰਦੀ ਹੈ।
ਆਪਣੇ ਆਪ ਵਿੱਚ ਜਾਗੀ ਚੇਤਨਾ-
ਸਦਾ-ਸਤਿ ਦੀ ਬਾਤ ਕਹਿੰਦੀ ਹੈ
ਦੁੱਖ ਤੇ ਸੁੱਖ, ਭਾਵਾਂ ਚ ਆਇਆ ਵੇਗ ਹੈ।
ਸਥਿਰਤਾ ਤੇ ਸੰਤੁਲਨ ਨੂੰ
ਵਹਾ ਕੇ ਲੈ ਜਾਂਦਾ ਹੈ ਇਹ।
ਕਿਸ਼ਤੀ ਡੋਲਦੀ ਹੈ, ਵਿਚਲਿਤ ਹੋ ਜਾਂਦਾ ਹੈ ਮਨ।
ਵਵੇਕ ਨੂੰ ਸੋਚ ਨੂੰ,
ਉੜਾ ਕੇ ਲੈ ਜਾਂਦਾ ਹੈ ਇਹ।
ਮੈਂ ਜਾਣਦਾ ਹਾਂ, ਸਮਝਦਾ ਹਾਂ-
ਦੁੱਖ ਤੇ ਸੁੱਖ,
ਅਸ਼ਾਂਤੀ ਦੇ ਵਾਵਰੋਲਿਆਂ ਦਾ ਨਾਮ ਹੈ।
ਚਾਹ ਦੀ ਪਿਆਲੀ ਚ ਉਠਿਆ ਇਕ ਤੂਫਾਨ ਹੈ।
ਤੇ ਆਨੰਦ?
ਅਡੋਲ ਸ਼ਾਂਤ, ਠਹਿਰੀ, ਟਿਕੀ ਹੋਇ ਝੀਲ ਹੈ।
ਪਰ, ਕਦੇ-ਕਦੇ-
ਕਿਸੇ ਬੇ-ਵਫਾ ਦੀ ਯਾਦ ਕੰਕਰ-
ਟਿਕੀ ਹੋਈ ਝੀਲ ਦੀ ਸ਼ਾਂਤ ਹਿੱਕ ਤੇ-
ਆਣ ਡਿੱਗਦੀ ਹੈ।
ਲਹਿਰ ਉਠਦੀ ਹੈ-ਫੈਲਦੀ ਹੈ-
ਅੰਦੋਲਤ ਹੁੰਦੀ ਹੈ ਝੀਲ ਸਾਰੀ-
ਅਸਹਿ ਜਹੀ ਕਸਕ ਦੀ, ਦਰਦ ਦੀ-
ਇਕ ਹੂਕ ਉਠਦੀ ਹੈ॥
ਨਿਮਾਣੀ ਜਹੀ ਹੋ ਕੇ ਕੂੰਜ ਜਿੰਦ ਦੀ-
ਈਕਣ ਕੂਕ ਉਠਦੀ ਹੈ-
ਮੇਰੇ ਬੇ-ਬਸ ਅਰਮਾਨੋ-ਨਾਕਾਮ ਆਸ਼ਾਉ।
ਮੇਰੇ ਬੀਤੇ ਦੀਉ ਯਾਦੋ, ਹੁਣ ਯਾਦ ਨਾ ਆਉ।
ਪੇਸ਼ ਨਹੀਂ ਜਾਂਦੀ-
ਵਿਆਕੁਲ ਹੋ ਜਾਂਦਾ ਹੈ ਮਨ,
ਅਤੀਤ ਦੀ ਬੇਰਹਿਮ ਹੋਣੀ-
ਫਿਰ ਤੋਂ ਵਰਤਮਾਨ ਬਣਦੀ ਹੈ।
ਖੋਹ ਲੈਂਦੀ ਹੈ ਸਾਰਾ ਗਿਆਨ ਮੇਰਾ।
ਦੁੱਖ ਸੁੱਖ ਦਾ ਤਾਣਾ,
ਮੁੜ ਕੇ ਫੇਰ ਤਣਦੀ ਹੈ।
ਉਂਜ ਤੇ ਗਿਆਨਵਾਨ ਹਾਂ ਮੈਂ।

**160 ਫੈਕਟਰੀ ਏਰੀਆ**
**ਗੋਇੰਦਵਾਲ ਸਾਹਿਬ**
**ਪਿੰਨ-142423**



Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

© 61040
Code : 01824

# For Fitting Diesel Engines in Foreign
# &
# INDIAN CAR BODIES




*Specialists in :*

## Mercedes Benz Car Repairing

# AMARJIT MOTOR GARAGE

G.T. Road, Opp. Jalandhar Octroi Post,
PHAGWARA



Sri Satguru Jagjit Singh Ji eLibrary NamdhariElibrary@gmail.com

# ਪੱਛਮੀ ਪੰਜਾਬ ਵਿੱਚ ਕੁਝ ਦਿਨ

ਸੁਵਰਨ ਸਿੰਘ ਵਿਰਕ

**ਕਿਸ਼ਤ-੭**

ਪੰਜ ਕੁ ਵੱਜਦੇ ਨੂੰ ਪੰਜ ਨਵੰਬਰ ਨੂੰ ਸਾਡੀ ਗੱਡੀ ਸ਼ਹਾਦਰੇ ਦੇ ਜੰਕਸ਼ਨ ਤੇ ਜਾ ਰੁਕੀ, ਕੁਝ ਚਿਰ ਬਾਦ ਰਾਵੀ ਦਰਿਆ ਨੂੰ ਦੁਬਾਰਾ ਪਾਰ ਕੀਤਾ ਅਤੇ ਲਾਹੌਰ ਦੇ ਲੋਕਾਂ ਅਤੇ ਇਮਾਰਤਾਂ ਨੂੰ ਨਿਹਾਰਦੇ ਹੋਏ ਅੱਗੇ ਵਧੇ। ਸਿਆਸੀ ਪਾਰਟੀਆਂ ਦੇ ਝੰਡੇ ਮਕਾਨਾਂ ਉੱਤੇ ਲਹਿਰਾਉਣ ਦਾ ਰਿਵਾਜ ਇਧਰ ਵੀ ਸਾਡੇ ਜਿਉਂ ਹੀ ਸੀ। ਸਾਢੇ ਕੁ ਪੰਜ ਵੱਜਦੇ ਨੂੰ ਸਾਡੀ ਗੱਡੀ ਬਦਾਮੀ ਬਾਗ ਦੇ ਰੇਲਵੇ ਸਟੇਸ਼ਨ ਤੇ ਪੁੱਜ ਗਈ। ਗੁਰਦੁਆਰਾ ਡੇਹਰਾ ਸਾਹਿਬ ਨੂੰ ਇਹੋ ਸਟੇਸ਼ਨ ਲੱਗਦਾ ਸੀ ਤੇ ਗੁਰਦੁਆਰਾ ਸ਼ਾਹੀ ਕਿਲੇ ਦੇ ਬਿਲਕੁਲ ਲਾਗੇ ਹੀ ਸੀ। ਸੋ ਜਦੋਂ ਅਸੀ ਸਟੇਸ਼ਨ ਤੋਂ ਬਾਹਰ ਆ ਕੇ ਟਾਂਗੇ ਵਗੈਰਾ ਲਈ ਪੁੱਛ ਗਿੱਛ ਕੀਤੀ ਤਾਂ ਇਕ ਦੋ ਜਣਿਆਂ ਨੇ ਸਮਝਾਇਆ ਕਿ ਆਹ ਇਥੋਂ ਸੱਜੇ ਹੱਥ ਹੋ ਕੇ, ਅੱਗੇ ਖੱਬੇ ਫਿਰ ਇਕ ਗਲੀ ਵਿੱਚ ਮੁੜ ਜਾਉ। ਸਾਹਮਣੇ ਬਹੁਤ ਵੱਡੀ ਪਾਰਕ ਹੈ। ਇਹਦੇ ਦੂਜੇ ਪਾਸੇ ਤੇ ਵਾਕਿਆ ਹੈ ਤੁਹਾਡਾ ਗੁਰਦੁਆਰਾ ਜਿਥੇ ਤੁਸਾ ਆਉਣਾ ਹੈ ਤੇ ਅਸੀਂ ਆਪਣੇ ਜਥੇ ਦਾ ਸਾਰੇ ਜਵਾਂ ਸਾਥੀਆਂ ਨੇ ਇਉਂ ਹੀ ਕੀਤਾ। ਸਾਮਾਨ ਦੇ ਬੈਗ ਹੱਥਾਂ ਵਿੱਚ ਲਟਕਾਏ ਤੇ ਚੱਲ ਪਏ। ਪਾਰਕ ਵਿੱਚ ਕ੍ਰਿਕਟ ਖੇਡਦੇ ਬੱਚੇ ਬੜੀ ਉਤਸੁਕਤਾ ਨਾਲ ਸਾਨੂੰ ਵੇਖਦੇ ਅਤੇ ਹਾਲ ਚਾਲ ਪੁੱਛਦੇ। ਸਾਹਮਣੇ ਹੀ ਦਿਸ ਰਹੀ ਸੀ ਮੀਨਾਰ-ਇ-ਪਾਕਿਸਤਾਨ। ਇਹ ਉਹੋ ਜਗ੍ਹਾ ਸੀ ਜਿੱਥੇ ਵੰਡ ਤੋਂ ਪਹਿਲਾ ਕਾਇਦੇ ਆਜ਼ਮ ਮੁਹੰਮਦ ਅਲੀ ਜਿੰਨਾਹ ਦੀ ਅਗਵਾਈ ਹੇਠ ਮੁਸਲਿਮ ਲੀਗ ਦੇ ਇਕ ਇਕੱਠ ਵਿੱਚ ਪਾਕਿਸਤਾਨ ਦੀ ਕਾਇਮੀ ਲਈ ਜੱਦੋ ਜਹਿਦ ਕਰਨ ਦਾ ਮਤਾ ਪਾਸ ਕੀਤਾ ਗਿਆ ਸੀ। ਪਾਰਕ ਲੰਘ ਕੇ ਪੱਕੀ ਸੜਕ ਆ ਗਈ ਅਤੇ ਇਹਨੂੰ ਪਾਰ ਕਰਦਿਆਂ ਹੀ ਸਾਹਮਣੇ ਇਕ ਪਾਸੇ ਸ਼ਾਹੀ ਕਿਲਾ ਲਾਹੌਰ ਦਿਸ ਰਿਹਾ ਸੀ ਤੇ ਕਿਲੇ ਦੀ ਉਰਲੀ ਗੁੱਠ ਦੇ ਸਾਹਮਣੇ ਜਿਹੇ ਹੀ ਸੀ ਗੁਰਦੁਆਰਾ ਡੇਹਰਾ ਸਾਹਿਬ ਦੀ ਇਮਾਰਤ ਜੋ ਬਹੁਤ ਵੱਡੀ ਨਹੀਂ ਸੀ ਅਤੇ ਇਹ ਜਗ੍ਹਾ ਵੀ ਉਤਨੀ ਵਿਸ਼ਾਲ ਨਹੀ ਸੀ ਜਿੰਨੀ ਪੰਜਾ ਸਾਹਿਬ ਜਾਂ ਨਨਕਾਣਾ ਸਾਹਿਬ ਦੇ ਗੁਰਦੁਆਰਿਆਂ ਦੀ ਸੀ। ਇਕ ਕਾਰਨ ਸ਼ਾਇਦ ਇਹ ਹੋਵੇਗਾ ਕਿ ਉਹ ਗੁਰਦੁਆਰੇ ਛੋਟੇ ਕਸਬਿਆਂ ਵਿੱਚ ਸਨ। ਇਹ ਪੰਜਾਬ ਦੀ ਰਾਜਧਾਨੀ ਵਿੱਚ ਸੀ ਜਿੱਥੇ ਜਗ੍ਹਾ ਦੀ ਕਾਫੀ ਕੀਮਤ ਹੁੰਦੀ ਹੈ। ਪ੍ਰੰਤੂ ਇਸਦੇ ਆਲੇ ਦੁਆਲੇ ਖੁੱਲੇ ਮੈਦਾਨ ਸਨ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਯਾਦਗਾਰ ਹੈ ਇਹ ਗੁਰਦੁਆਰਾ। ਪੰਜਵੇ ਗੁਰੂ ਨੇ ਸਿੱਖਾਂ ਨੂੰ ਇਕ ਧਰਮ ਪੁਸਤਕ ਅਤੇ ਅੰਮ੍ਰਿਤਸਰ ਦੇ ਰੂਪ ਵਿੱਚ ਇਕ ਧਾਰਮਿਕ ਕੇਂਦਰ ਦੇ ਦਿੱਤਾ ਸੀ। ਵੇਲੇ ਦੇ ਬਾਦਸ਼ਾਹ ਜਹਾਂਗੀਰ ਨੂੰ ਆਮ ਲੋਕਾਂ ਦਾ ਵੱਡੀ ਗਿਣਤੀ ਵਿੱਚ ਇਸ ਨਵੇਂ ਧਰਮ ਵਿੱਚ ਪ੍ਰਵੇਸ਼ ਕਰਨਾ ਭਾਉਂਦਾ ਨਹੀਂ ਸੀ। ਇਸ ਲਈ ਉਹਨੇ ਸਤਾਰ੍ਹਵੀਂ ਸਦੀ ਦੇ ਪਹਿਲੇ ਦਹਾਕੇ ਦੇ ਅੱਧ ਵਿੱਚ ਹੀ ਗੁਰੂ ਸਾਹਿਬ ਲਈ ਮੌਤ ਦੀ ਸਜ਼ਾ ਤਜਵੀਜ਼ ਕਰ ਦਿੱਤੀ। ਜਿਵੇਂ ਕਿ ਹਰ ਵੇਰ ਹੁੰਦਾ ਹੈ ਰਾਜ ਆਪਦੇ ਪ੍ਰਚਾਰ-ਤੰਤਰ ਦੇ ਸਿਰ ਤੇ ਲੋਕਾਂ ਨੂੰ ਅਸਲ ਇਤਿਹਾਸ ਤੱਕ ਪਹੁੰਚਣ ਵੀ ਨਹੀਂ ਦਿੰਦਾ। ਇਸ ਲਈ ਚੰਦੂ ਦੀਵਾਨ ਦੀ ਪੁੱਤਰੀ ਦੀ ਗੁਰੂ ਹਰਗੋਬਿੰਦ ਸਾਹਿਬ ਨਾਲ ਕੁੜਮਾਈ ਅਤੇ ਫਿਰ ਚੰਦੂ ਵਲੋਂ ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣਾ ਕਹਿਣ ਤੇ ਲਾਹੌਰ ਦੇ ਸਿੱਖਾਂ ਗੁਰੂ ਜੀ ਨੂੰ ਇਸ ਰਿਸ਼ਤੇ ਤੋਂ ਵਰਜਿਆ। ਰਿਸ਼ਤਾ ਛੱਡਣ ਕਾਰਨ ਚੰਦੂ ਨੂੰ ਹੀ ਪੁਰਾਤਨ ਸਿੱਖ ਇਤਿਹਾਸ ਗੁਰੂ ਜੀ ਦੀ ਸ਼ਹੀਦੀ ਦਾ ਮੁੱਖ ਜ਼ਿੰਮੇਵਾਰ ਲਿਖਦਾ ਹੈ। ਇਹ ਮੁੱਖ ਕਾਰਨ ਹੁੰਦਾ ਤਾਂ ਜਹਾਂਗੀਰ ਆਪਣੀ ਆਤਮਕਥਾ ਵਿੱਚ ਗੁਰੂ ਅਰਜਨ ਦੀ ਕੁਫਰ ਦੀ ਦੁਕਾਨ ਬੰਦ ਕਰਨ ਬਾਰੇ ਕਿਉਂ ਲਿਖਦਾ। ਇਕ ਕਾਰਨ ਇਹ ਛੋਟਾ ਮੋਟਾ ਨਾਲ ਰਲ ਗਿਆ ਹੋਵੇਗਾ। ਨਿਰੋਲ ਕਾਰਨ ਤਾਂ ਜਹਾਂਗੀਰ ਦੀ ਕੱਟੜ ਧਾਰਮਿਕ ਨੀਤੀ ਸੀ ਜਿਹੜੀ ਉਹਦੇ ਬਾਪ ਅਕਬਰ ਦੀ ਨੀਤੀ ਤੋਂ ਬਿਲਕੁਲ ਉਲਟ ਸੀ।

ਗੁਰੂ ਜੀ ਨੂੰ ਕਾਫੀ ਤਸੀਹੇ ਦਿੱਤੇ ਗਏ ਸਨ। ਯਾਸਾ ਦੇ ਕਾਨੂੰਨ ਮੁਤਾਬਿਕ ਕਾਫਰਾਂ ਨੂੰ ਇਸ ਤਰ੍ਹਾਂ ਮਾਰੋ ਕਿ ਉਹਨਾਂ ਦੇ 'ਅਪਵਿੱਤਰ ਖੂਨ' ਦਾ ਕੋਈ ਵੀ ਕਤਰਾ ਧਰਤੀ ਤੇ ਡਿੱਗ ਕੇ ਇਹਨੂੰ ਪਲੀਤ ਨਾ ਕਰੇ। ਇਸ ਲਈ ਗੁਰੂ ਨੂੰ ਕਦੇ ਤੱਤੀ ਤਵੀ ਤੇ ਬੈਠਾ ਕੇ ਉਹਨਾਂ ਦੇ ਸਿਰ ਤੇ ਸੜਦੀ ਬਲਦੀ ਰੇਤ ਪਾਈ ਗਈ, ਕਦੇ ਉਹਨਾਂ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਉਬਾਲਿਆ ਗਿਆ। ਜਦੋਂ ਗਰਮ ਪਾਣੀ ਵਿੱਚੋਂ ਉਬਾਲ ਕੇ ਬਾਹਰ ਕੱਢਿਆ ਤਾਂ ਫਿਰ ਉਹਨਾਂ ਨੂੰ ਕਿਲੇ ਦੇ ਨਾਲ ਹੀ ਵਗਦੀ ਰਾਵੀ ਨਦੀ ਦੇ ਬਰਫੀਲੇ ਪਾਣੀ ਵਿਚ ਹੀ ਸੁੱਟ ਦਿੱਤਾ ਗਿਆ। ਭਾਈ ਰਤਨ ਸਿੰਘ ਭੰਗੂ ਵੀ ਇਹੋ ਲਿਖਦਾ ਹੈ ਪ੍ਰਚੀਨ ਪੰਥ ਪ੍ਰਕਾਸ਼ ਵਿਚ

ਕੈ ਗੁਰ ਅਰਜਨ ਦਰਿਆਉ ਨ ਬੋੜਿਉ।

ਸਿੱਖ ਰਾਜ ਵੇਲੇ ਰਾਵੀ ਦਰਿਆ ਤਾਂ ਤਕਰੀਬਨ ਇੱਥੋਂ ਦੋ



Sri Satguru Jagjit Singh Ji eLibrary NamdhariElibrary@gmail.com

ਸਦੀਆਂ ਤੋਂ ਵੱਧ ਸਮਾਂ ਬੀਤ ਜਾਣ ਬਾਦ ਵਾਹਵਾ ਦੂਰ ਚਲਾ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇਹ ਗੁਰਦੁਆਰਾ ਸ਼ਹੀਦਾਂ ਦੇ ਸਿਰਤਾਜ ਗੁਰੂ ਜੀ ਦੀ ਯਾਦ ਵਿੱਚ ਬਣਵਾਇਆ ਸੀ। ਭਾਈ ਬਿਧੀ ਚੰਦ ਦਾ ਘੋੜਿਆਂ ਵਾਲਾ ਪ੍ਰਸੰਗ ਵੀ ਇਸੇ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਕਦੇ ਰਾਵੀ ਦਰਿਆ ਕਿਲੇ ਦੀਆਂ ਕੰਧਾਂ ਨਾਲ ਖਹਿ ਕੇ ਲੰਘਦਾ ਸੀ। ਗੁਰੂ ਕੇ ਸਿੱਖਾਂ ਦੇ ਕਾਬਲੋਂ ਲਿਆਂਦੇ ਦੋ ਘੋੜੇ ਬਾਦਸ਼ਾਹੀ ਕਰਿੰਦਿਆਂ ਵੱਲੋਂ ਖੋਹੇ ਜਾਣ ਬਾਦ ਭਾਈ ਬਿਧੀ ਚੰਦ ਇਸ ਕਿਲੇ ਵਿੱਚ ਜਿਵੇਂ ਕਿਵੇਂ ਪੁਹੰਚ ਗਿਆ ਘਾਹੀ ਬਣ ਕੇ। ਪਹਿਲਾ ਘੋੜਾ ਤਾਂ ਉਸ ਸਾਰੇ ਆਲੇ ਦੁਆਲੇ ਨੂੰ ਸ਼ਰਾਬੀ ਕਰਕੇ ਰਾਤ ਦੇ ਸਮੇਂ ਦਰਿਆ ਵਿੱਚ ਕਿਲੇ ਦੀ ਫਸੀਲ ਤੋਂ ਠੇਲਿਆ ਸੀ। ਦੂਜਾ ਘੋੜਾ ਉਹ ਨਜੂਮੀ ਬਣ ਕੇ ਫਿਰ ਦਰਿਆ ਵਿਚ ਸੁੱਟ ਕੇ ਲੈ ਗਿਆ ਸੀ। ਵੈਸੇ ਵੀ ਜਿੰਨੇ ਪੁਰਾਣੇ ਕਿਲੇ ਸਨ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਉਹਨਾਂ ਦੀ ਇਕ ਜਾਂ ਦੋ ਬਾਹੀਆਂ ਵੱਲ ਦਰਿਆ ਹੁੰਦਾ ਸੀ, ਬਾਕੀ ਪਾਣੀ ਭਰੀਆਂ ਨਹਿਰਾਂ ਹੁੰਦੀਆਂ ਸਨ ਚਾਰ ਚੁਫੇਰੇ। ਲਾਲ ਕਿਲਾ ਦਿਲੀ ਦਾ ਅਤੇ ਆਗਰੇ ਦਾ ਕਿਲਾ ਜਮਨਾ ਦੇ ਕੰਢੇ ਹਨ। ਬਠਿੰਡੇ ਦੇ ਕਿਲੇ ਪਾਸ ਵੀ ਪੁਰਾਣੇ ਸਮੇਂ ਵਿੱਚ ਸਤਲੁਜ ਜਾਂ ਇਸ ਦੀ ਕੋਈ ਸ਼ਾਖਾ ਜ਼ਰੂਰ ਲੰਘਦੀ ਸੀ ਜਿਹਦੇ ਪੁਰਾਣੇ ਵਹਿਣ ਅੱਜ ਵੀ ਜ਼ਿਲ੍ਹਾ ਸਿਰਸਾ ਵਿੱਚ ਵੇਖੇ ਜਾ ਸਕਦੇ ਹਨ। ਹਨੂਮਾਨਗੜ੍ਹ ਦੇ ਕਿਲੇ ਦੇ ਨਾਲ ਵਹਿਣ ਵਾਲੀ ਘੱਗਰ ਨਦੀ, ਜਿਹਨੂੰ ਸਰਸਵਤੀ ਵੀ ਕਿਹਾ ਜਾਂਦਾ ਸੀ, ਕਿਸੇ ਸਮੇਂ ਜਦੋਂ ਇਹ ਕਿਲਾ ਬਣਿਆ ਬਾਰਾਂ ਮਾਸੀ ਨਦੀ ਹੀ ਸੀ। ਅੱਜ ਨਾ ਬਠਿੰਡੇ ਦੇ ਕਿਲੇ ਨੇੜੇ ਕੋਈ ਦਰਿਆ ਰਿਹਾ ਹੈ, ਨਾਂ ਭਟਨੇਰ (ਹਨੂਮਾਨਗੜ੍ਹ) ਵਾਲੇ ਕਿਲੇ ਕੋਲੋ ਵਹਿਨ ਵਾਲੀ ਘੱਗਰ ਬਾਰਾਂ ਮਾਸੀ ਰਹੀ ਹੈ। ਇਵੇਂ ਹੀ ਲਾਹੌਰ ਦੇ ਕਿਲੇ ਤੋਂ ਰਾਵੀ ਦੂਰ ਟੁਰ ਗਈ ਹੈ। ਇਹਨਾਂ ਭੂਗੋਲਿਕ ਤਬਦੀਲੀਆਂ ਦਾ ਵੀ ਕਿਸੇ ਇਲਾਕੇ ਦੇ ਇਤਿਹਾਸ ਤੇ ਇਸ ਤਰ੍ਹਾਂ ਹੌਲੀ-ਹੌਲੀ ਅਸਰ ਪੈਂਦਾ ਹੈ।

ਕਿਲੇ ਦਾ ਦਰਿਆ ਵਾਲਾ ਪਾਸਾ ਅਜੇ ਵੀ ਨੀਵਾਂ ਜਾਪਦਾ ਹੈ। ਗੁਰੂ ਜੀ ਨੂੰ ਕਸ਼ਟ ਤਾਂ ਕਿਲੇ ਦੇ ਅੰਦਰ ਵਾਲੇ ਕਿਸੇ ਤਸੀਹਾ ਘਰ ਵਿੱਚ ਦਿੱਤੇ ਗਏ ਹੋਣਗੇ। ਪਰ ਉਹਨਾਂ ਦੀ ਯਾਦ ਨੂੰ ਸਮਰਪਿਤ ਗੁਰਦੁਆਰੇ ਦੀ ਇਹ ਜਗ੍ਹਾ ਹੋ ਸੱਕਦਾ ਹੈ ਕਿ ਕਦੇ ਰਾਵੀ ਦਰਿਆ ਦਾ ਕੋਈ ਡੂੰਮ ਹੋਵੇ। ਜਿਥੇ ਸੁਬਹਾ ਸ਼ਾਮ ਇਕ ਸੱਚੇ ਸਿੱਖ ਜਿਉਂ ਮਹਾਰਾਜਾ ਗੁਰੂ ਘਰ ਦੇ ਦਰਸ਼ਨ ਕਰਨ ਆਉਂਦਾ ਸੀ।

ਕਮਰੇ ਸਵੇਰੇ ਤੁਰਨ ਲੱਗਿਆਂ ਨਨਕਾਣਾ ਸਾਹਿਬ ਵਿਖੇ ਦੀ ਅਲਾਟ ਕਰ ਦਿੱਤੇ ਗਏ ਸਨ। ਅਸੀਂ ਜਦੋਂ ਇੱਥੇ ਪੁੱਜੇ ਤਾਂ ਹਨੇਰਾ ਹੋ ਚੁੱਕਾ ਸੀ। ਸਾਡਾ ਕਮਰਾ ਨੰਬਰ ੩੯ ਸੀ ਅਤੇ ਇਹ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਕ ਸਿੰਘ ਅਤੇ ਮਹਾਰਾਜਾ ਸ਼ੇਰ ਸਿੰਘ ਦੀਆਂ ਸਮਾਧਾਂ ਦੇ ਹੇਠਾਂ ਬਣੇ ਹੋਏ ਭੋਰਿਆਂ ਜਿਹਾਂ ਵਿੱਚ ਇਕ ਲੰਮੀ ਗੁਫਾ ਵਰਗਾ ਕਮਰਾ ਸੀ। ਸਾਡੇ ਤੋਂ ਅਗਲੇ ਹਿੱਸੇ ਵਿੱਚ ਫਰੀਦਕੋਟ ਜ਼ਿਲ੍ਹੇ ਦੇ ਯਾਤਰੀ ਟਿਕੇ ਹੋਏ ਸਨ ਅਤੇ ਅਸੀਂ ਲਾਂਘੇ ਜਹੇ ਵਿੱਚ ਹੀ ਤਿੰਨ ਰਾਤਾਂ ਕੱਟੀਆਂ। ਉਹ ਸੁੱਤੇ ਸਰੀਰਾਂ ਦੇ ਉੱਤੋ ਦੀ ਲੰਘ ਕੇ ਜਾਂਦੇ ਸਨ। ਪਰ ਦਿਨ ਭਰ ਦੇ ਸਫਰ ਦੀ ਥਕਾਵਟ ਕਰਕੇ (ਤੁਰਨਾ ਫਿਰਨਾ ਵਾਹਵਾ ਹੁੰਦਾ ਸੀ) ਰਾਤ ਨੂੰ ਨੀਂਦ ਘੂਕ ਆ ਜਾਂਦੀ ਸੀ। ਕੋਈ ਲੰਮੀ ਪ੍ਰੇਸ਼ਾਨੀ ਨਹੀ ਸੀ ਹੁੰਦੀ। ਪ੍ਰੰਤੂ ਲੰਗਰ ਦੀ ਜਗ੍ਹਾ ਵੀ ਇੱਥੇ ਥੋਹੜੀ ਸੀ ਅਤੇ ਹੋਰ ਸ਼ੌਚ ਇਸ਼ਨਾਨ ਦੀਆਂ ਸਹੂਲਤਾਂ ਦੀ ਵੀ ਘਾਟ ਸੀ। ਇਸ ਲਈ ਸਿੰਧੀ ਅਤੇ ਹੋਰ ਪਾਕਿਸਤਾਨੀ ਸਿੱਖਾਂ ਦੇ ਜਥੇ ਅੱਜ ਰਾਤ ਹੀ ਆਪੋ ਆਪਣੀਆਂ ਬੱਸਾ ਜਾਂ ਗੱਡੀਆ ਦੁਆਰਾ ਇੱਥੋਂ ਵਾਪਸ ਪਰਤ ਗਏ ਸਨ। ਜੇ ਉਸ ਸੰਗਤ ਨੇ ਵੀ ਦੋ ਦਿਨ ਹੋਰ ਕੱਟਣੇ ਹੁੰਦੇ ਤਾਂ ਬੜਾ ਕੁਹਰਾਮ ਮੱਚ ਸਕਦਾ ਸੀ। ਉਂਝ ਨੇੜੇ ਹੀ ਇਕ ਸਕੂਲ ਵਿੱਚ ਵੀ ਸੰਗਤ ਦਾ ਪ੍ਰਬੰਧ ਸੀ ਜਿੱਥੇ ਇੱਥੇ ਨਾਲੋਂ ਕੁਝ ਸਹੂਲਤਾਂ ਵੱਧ ਸਨ ਪਰ ਅਸੀ ਜਿੱਥੇ ਇੱਕ ਵੇਰ ਟਿਕ ਗਏ ਟਿਕ ਗਏ ਇਹ ਸੋਚ ਕੇ ਕਿ ਕਿਹੜਾ ਇਥੇ ਸਾਰੀ ਉਮਰ ਕੱਟਣੀ ਹੈ ਇਕ ਦੋ ਦਿਨ ਹਨ ਨਿਕਲ ਜਾਣਗੇ। ਸਾਮਾਨ ਆਪਣੀ ਸੁਰੰਗ ਦੀਆਂ ਕੰਧਾਂ ਨਾਲ ਟਿਕਾ ਕੇ ਅਸਪਾਲ, ਘਾਰੂ ਅਤੇ ਮੈਂ ਸਾਥੀ ਚੰਨਣ ਸਿੰਘ ਵਿਰਕ ਹੋਰਾਂ ਦੀਆਂ ਚਿਠੀਆਂ ਅਤੇ ਰਸਾਲੇ ਕਿਤਾਬਾਂ ਇਲਿਆਸ ਘੁੰਮਣ ਨੂੰ ਦੇਣ ਲਈ, ਉਹਨਾਂ ਨੂੰ ਫੋਨ ਕੀਤਾ। ਫੋਨ ਛੇਤੀ ਹੀ ਉਹਨਾਂ ਤੱਕ ਪੁਚਾ ਦਿੱਤਾ ਗਿਆ। ਅਸਾਂ ਪੁੱਛਿਆ ਕਿ ਸਾਡੇ ਪਾਸ ਤੁਹਾਡੇ ਗੋਚਰੀਆਂ ਕੁਝ ਕਿਤਾਬਾਂ ਰਸਾਲੇ ਅਤੇ ਖ਼ਤ ਆਦਿ ਹਨ। ਕਦੋਂ ਵਸੂਲ ਪਾਉਗੇ। ਹੁਣੇ ਈ ਪੰਦਰਾਂ ਮਿੰਟਾਂ ਤੱਕ ਕਿਲੇ ਦੀ ਕੰਧ ਨਾਲ ਇਕ ਚਿੱਟੇ ਰੰਗ ਦੀ ਕਾਰ ਆ ਕੇ ਰੁਕੇਗੀ। ਜਿਸਦਾ ਨੰਬਰ ਸ਼ਾਇਦ ੧੦੧ ਉਹਨਾਂ ਦਸਿਆ ਅਤੇ ਮਿਥੇ ਹੋਏ ਸਮੇਂ ਵਿੱਚ ਗੱਡੀ ਆ ਗਈ ਅਤੇ ਘੁੰਮਣ ਸਾਹਿਬ ਉਸ ਵਿੱਚੋਂ ਬਾਹਰ ਨਿਕਲ ਰਹੇ ਸਨ। ਮੈਂ ਕਿਹਾ ਤੁਹਾਡੀ ਮੁਲਾਕਾਤ ਦੀ ਤੀਬਰਤਾ ਨੇ ਲੋਕ ਗੀਤ ਸਾਰਥਕ ਕਰ ਦਿੱਤਾ ਹੈ।

"ਸੱਦੀ ਹੋਈ ਮਿੱਤਰਾਂ ਦੀ,  
ਪੈਰ ਜੁੱਤੀ ਨਾ ਪਾਵਾਂ।

ਸਾਨੂੰ ਤਿੰਨਾਂ ਨੂੰ ਉਹ ਵਾਰੀ ਵਾਰੀ ਨਿੱਘੀਆਂ ਜੱਫੀਆਂ ਪਾ ਕੇ ਮਿਲੇ। ਉਹਨਾਂ ਚੰਨਣ ਸਿੰਘ ਵਿਰਕ ਹੋਰਾਂ ਦੀ ਸੁੱਖ ਸਾਂਦ ਅਤੇ ਸਾਡਾ ਸਫਰ ਠੀਕ ਕੱਟਣ ਬਾਰੇ ਪੁਛਿਆ। ਅਸੀਂ ਉਹਨਾਂ ਨੂੰ ਚੰਨਣ ਸਿੰਘ ਹੋਰਾਂ ਦਾ ਦਿਤਾ ਸਾਮਾਨ ਦੇ ਦਿੱਤਾ



Sri Satguru Jagjit Singh Ji eLibrary NamdhariElibrary@gmail.com

ਅਤੇ 'ਸਮਕਾਲੀ ਸਾਹਿਤ', 'ਵਰਿਆਮ' ਅਤੇ ਨਵਾਂ ਜ਼ਮਾਨਾ ਦੇ 'ਐਤਵਾਰਤਾ' ਦੇ ਕੁਝ ਅੰਕ ਉਹਨਾਂ ਨੂੰ ਆਪਣੇ ਵਲੋਂ ਭੇਟ ਕਰ ਦਿੱਤੇ। ਇਸ ਤੋਂ ਪਹਿਲਾਂ ਕੁਝ ਰਸਾਲੇ ਅਜ਼ਾਦ ਸਾਹਿਬ ਨੂੰ ਨਨਕਾਣਾ ਸਾਹਿਬ ਵਿਖੇ ਦੇ ਆਏ ਸਾਂ ਅਤੇ ਉਹਨਾਂ ਨੇ ਬੁੱਲੇ, ਸ਼ਾਹ ਟਰਸਟ ਕਸੂਰ ਦੀਆਂ ਕੁਝ ਪ੍ਰਕਾਸ਼ਨਾਵਾਂ ਸਾਨੂੰ ਚੰਨਣ ਸਿੰਘ ਹੋਰਾਂ ਨੂੰ ਦੇਣ ਲਈ ਦਿੱਤੀਆਂ ਸਨ। ਘੁੰਮਣ ਸਾਹਿਬ ਨਾਲ ਪ੍ਰੋਗਰਾਮ ਇਹ ਬਣਿਆ ਕਿ ਕੱਲ ਦਾ ਦਿਨ ਅਸੀਂ ਖਰੀਦ ਵਗੈਰਾ ਕਰਨ ਵਿੱਚ ਖਰਚ ਕਰ ਲਵਾਂਗੇ। ਕਿਲਾ ਵੇਖ ਲਵਾਂਗੇ। "ਪਰਸੋਂ ਤੁਸੀ ਸ਼ਾਮੀ ਚਾਰ ਵਜੇ", ਉਹਨਾਂ ਕਿਹਾ, "ਬਿਲਾਲ ਵਿੱਚ ਸਥਿੱਤ ਸਾਡੇ ਦਫ਼ਤਰ ਵਿੱਚ ਆ ਜਾਣਾ ਗੱਡੀ ਭੇਜ ਦਿਆਂਗਾ ਅਤੇ ਲਾਹੌਰ ਦੇ ਕੁਝ ਕੁਝ ਅਦੀਬ ਸੱਜਣਾ ਨੂੰ ਉੱਥੇ ਬੁਲਾ ਲਿਆ ਜਾਵੇਗਾ ਤੁਹਾਡੇ ਨਾਲ ਮਿਲਣੀ ਵਾਸਤੇ। ਜਿਹੜੇ ਵੀ ਅਦੀਬ ਤੁਹਾਡੇ ਨਾਲ ਇਸ ਜਥੇ ਵਿੱਚ ਆਏ ਹਨ। ਉਹਨਾਂ ਸਾਰਿਆਂ ਨੂੰ ਤੁਸੀ ਲੈ ਆਇਉ"। ਮੈਂ ਕਿਹਾ, "ਇਕ ਪ੍ਰਿੰਸੀਪਲ ਸ਼ੇਰ ਸਿੰਘ 'ਸ਼ੇਰ' ਹੋਰੀ ਨੇ ਵੱਡੇ ਅਦੀਬ ਤਾਂ ਸਾਡੇ ਨਾਲ ਪਰ ਉਹ ਕੁਝ ਫੋਨੇਟਿਕ ਕਿਸਮ ਦੇ ਨੇ"। ਉਹਨਾਂ ਕਿਹਾ, "ਕੋਈ ਗੱਲ ਨਹੀਂ ਤੁਸੀਂ ਜਮ ਜਮ ਲਿਆਉ ਉਹਨਾਂ ਨੂੰ ਨਾਲ"। ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਗੁਰਦੁਆਰਿਆਂ ਵਿੱਚ ਮੈਂ ਸ਼ੇਰ ਜੀ ਦੇ ਨਾਲ ਉੱਥੋਂ ਦੇ ਮੁਸਲਿਮ ਬੁੱਧੀ ਜੀਵੀਆਂ ਨੂੰ ਜਦੋਂ ਮਿਲਿਆ ਜਾਂ ਤਾਂ ਉਹ ਜਾਣ ਬੁੱਝ ਕੇ ਕਈ ਵੇਰ ਉਹਨਾਂ ਵੀ ਦੁਖਦੀ ਰਗ ਤੇ ਇਹ ਕਹਿ ਕੇ ਹੱਥ ਰੱਖ ਦਿੰਦੇ ਸਨ ਕਿ ਇਸਲਾਮ ਵਿੱਚ ਜ਼ਿੰਮੀ (ਮੁਸਲਮਾਨ ਤੋਂ ਇਲਾਵਾ ਦੂਜੇ ਧਾਰਮਿਕ ਵਿਸ਼ਵਾਸ਼ਾਂ ਵਾਲੇ ਲੋਕ) ਦੀ ਕੀ ਥਾਂ ਹੈ। ਉਹ ਉਹਨਾਂ ਨੂੰ ਆਪਣੀ ਇਸਲਾਮ ਧਰਮ ਦੀ ਅਥਾਹ ਵਾਕਫੀਅਤ ਅਤੇ ਆਪਣੀ ਚੋਖੀ ਵਿਦਵਤਾ ਸਦਕਾ ਮੈਨੂੰ ਲੱਗਦਾ ਸੀ ਕਿ ਕਦੇ ਕਦੇ ਚਿੜਾਉਂਦੇ ਵੀ ਸਨ। ਕੁਝ ਹੰਕਾਰੀ ਸੁਭਾਅ ਦੇ ਸਨ। ਇਕ ਹੋਰ ਗੱਲ ਉਹਨਾਂ ਦੀ ਮੈਨੂੰ ਚੰਗੀ ਨਹੀਂ ਸੀ ਲੱਗਦੀ ਜਦੋਂ ਉਹ ਇਹ ਕਹਿੰਦੇ ਸਨ ਕਿ ਵੰਡ ਦੇ ਸਮੇਂ ਤੁਹਾਨੂੰ ਇਹੋ ਜਿਹਾ ਹਿਉਮਨ ਐਲੀਮੈਂਟ (ਮਨੁੱਖੀ ਤੱਤ) ਨਹੀ ਮਿਲਿਆ ਜਿਹੋ ਜਿਹਾ ਅਸੀਂ ਇਧਰੋਂ ਲੈ ਗਏ ਹਾਂ। ਉਹ ਯੂ.ਪੀ ਦੇ ਮਹਾਜਰਾਂ ਨੂੰ ਵੀ ਜਿਹਨਾਂ ਨੂੰ ਉਹ ਤਿਲੀਅਰ ਵੀ ਕਹਿੰਦੇ ਸਨ, ਕੁਝ ਹੋਰ ਦ੍ਰਿਸ਼ਟੀ ਨਾਲ ਵੇਖਦੇ ਸਨ ਅਤੇ ਆਪਣੇ ਕਥਨ ਦੀ ਪੁਸ਼ਟੀ ਲਈ ਪਾਕਿਸਤਾਨ ਦੇ ਪ੍ਰਸਿੱਧ ਢੋਲਈ ਨੂਰੀ ਕੈਬੋਕੇ ਦੇ ਢੋਲੇ ਦੀਆਂ ਇਹਨਾਂ ਤੁੱਕਾਂ ਦਾ ਪਾਠ ਵੀ ਕਰਦੇ ਸਨ–

"ਸੁਇਨਾ ਦੇ ਮੁਲੰਮਾ ਵਿਹਾਜਿਆ ਸੂ,
ਕਿਨ੍ਹੇ ਨਾ ਦਿੱਤੀ ਮੱਤ ਜਿਨਾਹ ਨੂੰ"।

ਭਾਵ ਪਈ ਕਿੱਥੇ ਇਧਰੋਂ ਜਾਣ ਵਾਲੇ ਸਿੰਘ ਸਰਦਾਰ ਤੇ ਕਿੱਥੇ ਉਧਰੋਂ ਆਉਂਣ ਵਾਲੇ ਇਹ ਯੂ.ਪੀ ਭਈਅਨ। ਉਹ ਯ.ਪੀ. ਵਿਚੋਂ ਗਏ ਮੁਸਲਮਾਨਾਂ ਦੇ ਸਨਮੁੱਖ ਇਹੋ ਬੋਲ ਬਾਣੀ ਵਰਤਦੇ। ਇਹਨਾਂ ਮੁਹਾਜਰਾਂ ਪ੍ਰਤੀ ਇਹ ਹਿਕਾਰਤ ਭਰਿਆ ਵਤੀਰਾ ਮੈਨੂੰ ਤਾਂ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਿਆ ਦੇ ਉਲਟ ਜਾਪਦਾ ਸੀ। ਇਸ ਲਈ ਮੈਂ ਕਈ ਵੇਰ ਉਹਨਾਂ ਦੀਆਂ ਇਹਨਾਂ ਟਿਪਣੀਆਂ ਨੂੰ ਹਜ਼ਮ ਕਰਨ ਤੋਂ ਅਸਮਰਥ ਹੋ ਜਾਂਦਾ ਸਾਂ। ਮੇਰੀ ਉਹਨਾਂ ਨਾਲ ਗੁਰੂਆਂ ਦੀ ਸਿੱਖਿਆ ਦੇ ਸਬੰਧ ਵਿੱਚ ਝੜਪ ਵੀ ਹੋ ਜਾਂਦੀ ਤਾਂ ਉਹਨਾਂ ਦੀ ਹੋਰ ਕੋਈ ਵਾਹ ਨਾ ਚੱਲਦੀ ਤਾਂ ਮੈਨੂੰ ਉੱਚੀ ਉੱਚੀ, ਖਾਸ਼ ਕਰਕੇ ਖਾਲਸਤਾਨੀਆਂ ਦੇ ਟੈਂਟਾਂ ਪਾਸ ਜਿਥੇ ਉਹਨਾਂ ਦੇ ਭੜਕਾਊ ਪਰਚਾਰ ਦੀਆਂ ਕੈਸਿਟਾਂ ਵੱਜਦੀਆਂ ਸਨ, ਕਹਿਣ ਲੱਗਦੇ ਉਇ ਮਾਰਕਸ ਦਿਆ ਚੇਲਿਆ। ਤੂੰ ਇੱਥੇ ਗੁਰੂ ਨਾਨਕ ਦੇ ਘਰ ਆਇਆ ਕੀ ਕਰਨ ਹੈਂ? "ਡਾਕਟਰ ਸਾਹਿਬ ਮੈਨੂੰ ਤਾਂ ਮਾਰਕਸ ਅਤੇ ਗੁਰੂ ਨਾਨਕ ਸਮਤਾ ਅਧਾਰਿਤ ਸਮਾਜ ਦੀ ਮੰਜ਼ਿਲ ਵੱਲ ਵਧਦੇ ਹੋਏ ਦੋਵੇਂ ਮੁਕਤੀ ਦੇ ਹੀ ਪਾਂਧੀ ਜਾਪਦੇ ਹਨ। ਤੁਸੀ ਖਾਹਮਖਾਹ ਇਹਨਾਂ ਵਿੱਚ ਵਿਥਾਂ ਲੱਭਦੇ ਫਿਰਦੇ ਹੋ"। ਡਾਕਟਰ ਸਾਹਿਬ ਬੁੜ ਬੁੜ ਕਰਦੇ ਆਪਣੇ ਵੀ. ਆਈ ਪੀ ਰੂਮ ਵੱਲ ਟੁਰ ਜਾਂਦੇ ਅਤੇ ਮੈਂ ਆਸ਼ਕ ਬੱਢੇ ਨੂੰ ਲੱਭਣ ਲਈ ਮੁੱਖ ਦਰਵਾਜ਼ੇ ਵੱਲ ਤੁਰ ਪੈਂਦਾ।

੬ ਨਵੰਬਰ ਦਾ ਦਿਨ ਅਸੀਂ ਮਹਾਰਾਜਾ ਰਣਜੀਤ ਸਿੰਘ ਅਤੇ ਉਸਦੇ ਦੋਹਾਂ ਪਾਤਸ਼ਾਹ ਪੁੱਤਰਾਂ ਖੜਕ ਸਿੰਘ ਤੇ ਸ਼ੇ[ਰ] ਸਿੰਘ ਦੀਆਂ ਸਮਾਧਾਂ ਦੇ ਦਰਸ਼ਨਾਂ ਨਾਲ ਸ਼ੁਰੂ ਕੀਤਾ ਜਿ[ਸ] ਪੌੜੀਆਂ ਚੜ੍ਹ ਕੇ ਉਪਰ ਤੱਕ ਜਾਇਆ ਜਾਂਦਾ ਸੀ, ਮਹਾਰਾਜ[ਾ] ਰਣਜੀਤ ਸਿੰਘ ਦੀ ਸਮਾਧ ਸ਼ਾਹੀ ਮਸਜਿਦ ਅਤੇ ਗੁਰਦੁਆਰ[ਾ] ਡੇਹਰਾ ਸਾਹਿਬ ਦੇ ਵਿਚਾਲੇ ਸਥਿਤ ਸੀ। ਮਸੀਤ ਵਾਲੇ ਪਾ[ਸੇ] ਦਾ ਇਸ ਦਾ ਵੱਡਾ ਗੇਟ ਤਾਂ ਹੁਣ ਬੰਦ ਸੀ ਸ਼ਾਇਦ ਇਹ ਵੰ[ਡ] ਤੋਂ ਪਹਿਲਾਂ ਖੁੱਲਦਾ ਹੋਵੇ। ਮੁਗਲ ਬਾਦਸ਼ਾਹਾਂ ਦੇ ਮਕਬਰਿ[ਆਂ] ਜਿਉਂ ਹੀ ਸਿੱਖ ਅਤੇ ਇਸਲਾਮੀ ਭਵਨ ਨਿਰਮਾਣ ਕਲਾ [ਦੇ] ਮਿਸ਼ਰਣ ਨਾਲ ਬਣੀ ਇਹ ਸਮਾਧ ਆਪਦੇ ਪੂਰੇ ਜਾਹੋ ਜਲਾ[ਲ] ਵਿੱਚ ਖਲੋਤੀ ਸੀ ਅਤੇ ਪੰਜਾਬੀਆਂ ਦੇ ਪਹਿਲੇ ਪ੍ਰਭੂਸੱਤਾ ਸੰਪ[ੰਨ] ਮਹਾਰਾਜੇ ਦੀ ਕੀਰਤੀ ਦਾ ਬਖਾਨ ਕਰ ਰਹੀ ਸੀ, ਜਿਸ[ਨੂੰ] ਕੋਈ ਅੱਠ ਸਦੀਆਂ ਤੋਂ ਬਾਦ ਪੰਜਾਬ ਵਿੱਚ ਆਪਣਾ ਸਾਸ਼[ਨ] ਚਲਾਉਣ ਦਾ ਅਧਿਕਾਰ ਮਿਲਿਆ ਸੀ। ਸਮਾਧ ਵਿੱਚ ਮਹਾਰਾ[ਜੇ] ਦੇ ਅੰਗੀਠੇ ਵਾਲੀ ਥਾਂ ਤੇ ਵੱਡਾ ਸਾਰਾ ਥੜਾ ਬਣਿਆ ਸ[ੀ] ਅਤੇ ਲਾਗੇ ਛੋਟੀਆਂ ਛੋਟੀਆਂ ਮਮਟੀਆਂ ਜਹੀਆਂ ਖੜੀਆ[ਂ] ਸਨ। ਇਹ ਉਹਨਾਂ ਰਾਣੀਆਂ ਦੀ ਯਾਦ ਦਿਵਾਉਂਦੀਆਂ ਸ[ਨ] ਜੋ ਮਹਾਰਾਜਾ ਸਾਹਿਬ ਦੀ ਮ੍ਰਿਤਕ ਦੇਹ ਨਾਲ ਆਪਣੇ ਹਿ[...]



Sri Satguru Jagjit Singh Ji eLibrary NamdhariElibrary@gmail.com

ਕਰਮ ਕਾਂਡਾਂ ਕਰਕੇ ਸਤੀ ਹੋ ਗਈਆਂ ਸਨ। ਇਹ ਜ਼ਿਆਦਾ ਪਹਾੜਨਾਂ ਹੀ ਸਨ। ਮਹਾਰਾਜੇ ਦੇ ਅਦੁੱਤੀ ਵੈਭਵ ਦੀ ਪ੍ਰਤੀਕ ਇਸ ਸਮਾਧ ਦੀ ਜ਼ਿਆਰਤ ਕਰਦਿਆਂ, ਸਾਂਝੇ ਪੰਜਾਬ ਦੇ ਕੌਮੀ ਕਵੀ ਸ਼ਾਹ ਮੁਹੰਮਦ ਦੀਆਂ ਇਹ ਤੁਕਾਂ ਮੇਰੇ ਜ਼ਿਹਨ ਵਿੱਚ ਘੁੰਮ ਰਹੀਆਂ ਸਨ-

"ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,<br>
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।<br>
ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,<br>
ਜੰਮੂ, ਕਾਂਗੜਾ, ਕੋਟ ਨਿਵਾਇ ਗਿਆ।<br>
ਤਿੱਬਤ ਦੇਸ਼ ਲਦਾਖ ਤੇ ਚੀਨ ਤੋੜੀ<br>
ਸਿੱਕਾ ਆਪਣੇ ਨਾਮ ਚਲਾਇ ਗਿਆ।<br>
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ<br>
ਅੱਛਾ ਰੱਜ ਕੇ ਰਾਜ ਕਮਾਇ ਗਿਆ"।

ਮਹਾਰਾਜ ਰਣਜੀਤ ਸਿੰਘ ੧੭੯੯ ਈ. ਵਿੱਚ ਉੱਨੀ ਵਰਿਆਂ ਦੀ ਕਿਸ਼ੋਰ ਆਯੂ ਵਿੱਚ ਲਾਹੌਰ ਦੇ ਤਖਤ ਤੇ ਬੈਠਾ ਸੀ। ੧੮੩੩ ਈ. ਵਿੱਚ ਉਹ ਕਾਲ ਵੱਸ ਹੋਇਆ। ਅੰਗ੍ਰੇਜ਼ਾਂ ਨੇ ਆਪਣੀ ਕੁਟਲ ਨੀਤੀ ਨਾਲ ਪੰਜਾਬ ਤੇ ੧੮੪੯ ਈ. ਵਿੱਚ ਮੁਕੰਮਲ ਏਕਾਧਿਕਾਰ ਕਰ ਲਿਆ ਸੀ। ਇਹ ਦਸ ਵਰੇ ਪੰਜਾਬ ਵਿੱਚ ਖਾਨਾ ਜੰਗੀ ਦੇ ਸਨ। ਜਿਹੜਾ ਬਹੇ ਗੱਦੀ ਉਹਨੂੰ ਮਾਰ ਦੇਂਦੇ, ਚੱਲੀ ਵਿੱਚ ਦਰਬਾਰ ਤਲਵਾਰ ਮੀਆਂ, ਪੰਜਾਬੀਆਂ ਦੇ ਇਸ ਸਾਂਝੇ ਰਾਜ ਨੇ ਅੱਧੀ ਸਦੀ ਵਿੱਚ ਖਿੱਤੇ ਦੇ ਲੋਕਾਂ ਦੇ ਆਤਮ ਸਨਮਾਨ ਨੂੰ ਸਿਖਰਾਂ ਤੇ ਪਹੁੰਚਾ ਦਿੱਤਾ ਸੀ। ਜੱਟ ਭਾਈਚਾਰੇ ਨੇ ਪਹਿਲੀ ਵੇਰ ਸੱਤਾ ਦਾ ਜਲੌਅ ਵੇਖਿਆ ਸੀ ਅਤੇ ਇਸ ਤਰਾਂ ਉਹਨਾਂ ਦਾ ਜਾਤੀ ਅਭਿਮਾਨ ਚੋਖਾ ਵੱਧ ਗਿਆ ਸੀ। ਇਸ ਤੋਂ ਪਹਿਲਾਂ ਬ੍ਰਾਹਮਣ, ਖੱਤਰੀ, ਰਾਜਪੂਤ ਜਾਂ ਮੁਗਲ ਪਠਾਣ ਆਦਿ ਹੀ ਹਾਕਮ ਹੁੰਦੇ ਸਨ। ਦਰਿਆਵਾਂ ਦੇ ਕੰਢਿਆਂ ਤੇ ਇਸੇ ਸਮੇਂ ਹੀ ਸਿੱਖ ਕਿਸਾਨੀ ਆਬਾਦ ਹੋਈ ਸੀ। ਮਹਾਰਾਜ ਰਣਜੀਤ ਸਿੰਘ ਦੇ ਇਸ ਵਿਸ਼ਾਲ ਰਾਜ ਦੇ ਪੱਤਣ ਦਾ ਕਾਰਨ ਕਈ ਇਤਿਹਾਸਕਾਰ ਘਰ ਦੀ ਫੁੱਟ ਅਤੇ ਡੋਗਰਿਆਂ ਦੀਆ ਸਾਜ਼ਿਸ਼ਾਂ ਦੱਸਦੇ ਹਨ। ਪ੍ਰੰਤੂ ਇਤਿਹਾਸਕ ਭੌਤਿਕਵਾਦ ਸਾਨੂੰ ਦੱਸਦਾ ਹੈ ਕਿ ਸਿੱਖਾਂ ਦਾ ਰਾਜ ਜਿਸ ਪੈਦਾਵਾਰੀ ਢਾਂਚੇ ਉਪਰ ਖੜਾ ਸੀ ਉਹ ਜਗੀਰਦਾਰੀ ਸੀ। ਜੇ ਕਿਤੇ ਰਣਜੀਤ ਸਿੰਘ ਗੁਰੂ ਆਸ਼ੇ ਮੁਤਾਬਿਕ ਭੋਇੰ ਦੀ ਵੰਡ ਸਾਰੀ ਕਿਸਾਨੀ ਵਿੱਚ ਸਾਂਵੀਂ ਕਰ ਦਿੰਦਾ ਬਿਨਾ ਮਜ਼੍ਹਬ ਜ਼ਾਤ ਦੇ ਵਿਤਕਰੇ ਦੇ ਅਤੇ ਸ਼ਹਿਰਾਂ ਦੇ ਵਿੱਚ ਜਿਹੜੇ ਉਦਯੋਗ ਧੰਦੇ ਵਿਕਸਿਤ ਹੋਏ ਸਨ, ਉਹਨਾਂ ਵਿੱਚ ਦਸਤਕਾਰਾਂ ਅਤੇ ਕਿਰਤੀਆਂ ਨੂੰ, ਦਸੌਰ ਮਾਲ ਭੇਜਣ ਵਾਲੇ ਵਪਾਰੀਆਂ ਦੇ ਕਰੜੇ ਨਿਯੰਤਰਣ ਤੋਂ ਮੁਕਤ ਕਰਕੇ ਆਪ ਸਿੱਧਾ ਮਾਲ ਲੈ ਕੇ ਉਹਨਾਂ ਨੂੰ ਪੂਰਾ ਮੁੱਲ ਦੇ ਕੇ ਬਾਹਰ ਭੇਜਣਾ ਸ਼ੁਰੂ ਕਰ ਦਿੰਦਾ ਤਾਂ ਫਿਰ ਇਹ ਰਾਜ ਇਸ ਤਰ੍ਹਾਂ ਰੇਤ ਦੀਆਂ ਕੰਧਾਂ ਵਾਂਗ ਨਾ ਖੁਰਦਾ। ਨਿਜੀ ਸੰਪਤੀ ਅਤੇ ਸੱਤਾ ਦੀ ਭੁੱਖ ਵਿੱਚ ਭਰਾਵਾਂ ਦੇ ਗਲ ਵੱਡੇ ਜਾਂਦੇ ਰਹੇ। ਅੰਗ੍ਰੇਜ਼ ਉਸ ਸਮੇਂ ਵਪਾਰਕ ਸਰਮਾਏਦਾਰੀ ਦੀ ਪ੍ਰਤੀਨਿਧਤਾ ਕਰਦੇ ਸਨ। ਜੋ ਕਿ ਸਾਮੰਤੀ ਪ੍ਰਬੰਧ ਨਾਲੋਂ ਉਚੇਰੀ ਅਵਸਥਾ ਸੀ। ਇਸ ਲਈ ਸਿਖ ਰਾਜ ਦਾ ਖਾਤਮਾ ਇਤਿਹਾਸ ਦੀ ਤੋਰ ਮੁਤਾਬਿਕ ਦਰੁਸਤ ਸੀ ਅਤੇ ਇਸ ਤੇ ਹੰਝੂ ਵਹਾਉਣ ਦੀ ਥਾਂ ਲੋੜ ਆਪਾ ਚੀਨਣ ਦੀ ਅਤੇ ਇਤਿਹਾਸ ਦੀਆਂ ਅਗਰਗਾਮੀ ਸ਼ਕਤੀਆਂ ਦੇ ਨਾਲ ਕਰਿਗੜੀ ਪਾਉਣ ਦੀ ਹੁੰਦੀ ਹੈ।

ਮਹਾਰਾਜਾ ਖੜਕ ਸਿੰਘ, ਮਹਾਰਾਜਾ ਰਣਜੀਤ ਸਿੰਘ ਦਾ ਵੱਡਾ ਪੁੱਤਰ ਸੀ। ਇਸ ਦਾ ਰਾਜ ਵਰ੍ਹਾ ਕੁ ਰਿਹਾ ਸੀ। ਇਹ ਲੋਲ੍ਹਾ ਜਿਹਾ ਵਿਅਕਤੀ ਸੀ ਅਤੇ ਅਫੀਮ ਦੀ ਪੀਨਕ ਵਿੱਚ ਹੀ ਇਸਨੇ ਆਪਦੀ ਅਉਧ ਹੰਡਾਈ ਸੀ। ਡੋਗਰਿਆਂ ਨੇ ਇਸ ਦੇ ਪੁੱਤਰ ਕੰਵਰ ਨੌਨਿਹਾਲ ਨੂੰ ਇਸਦੇ ਵਿਰੁੱਧ ਕਰ ਲਿਆ ਸੀ ਅਤੇ ਇਹਨੂੰ ਕਿਹਾ ਜਾਂਦਾ ਹੈ ਕਿ ਹੌਲੇ ਹੌਲੇ ਕੋਈ ਜ਼ਹਿਰ ਵੀ ਦਿੱਤਾ ਗਿਆ ਸੀ। ਉਸਦੇ ਅੰਤਰੰਗ ਮਿੱਤਰ ਸ੍. ਚੇਤ ਸਿੰਘ ਬਾਜਵੇ ਦੇ ਕਤਲ ਨਾਲ ਹੀ ਲਾਹੌਰ ਦਰਬਾਰ ਵਿੱਚ ਖਾਨਾ ਜੰਗੀ ਦਾ ਮੁੱਢ ਬੱਝਦਾ ਹੈ। ਇਸ ਕਤਲ ਤੋਂ ਬਾਅਦ ਮਹਾਰਾਜਾ ਛੇਤੀ ਹੀ ਮਰ ਜਾਂਦਾ ਹੈ। ਸ਼ਾਹ ਮੁਹੰਮਦ ਲਿਖਦਾ ਹੈ-

"ਖੜਗ ਸਿੰਘ ਮਹਾਰਾਜੇ ਨੇ ਆਹ ਮਾਰੀ,<br>
ਮੋਇਆ ਮੁੱਢ ਕਦੀਮ ਦਾ ਯਾਰ ਮੀਆਂ।<br>
ਸ਼ਾਹ ਮੁਹੰਮਦਾ ਅਸਾਂ ਭੀ ਨਾਲ ਮਰਨਾ,<br>
ਸਾਡਾ ਏਹੋ ਸੀ ਕੌਲ ਕਰਾਰ ਮੀਆਂ"।

ਖੜਗ ਸਿੰਘ ਦੇ ਸਸਕਾਰ ਤੋਂ ਮੁੜਦਿਆਂ ਉਸਦੇ ਪੁੱਤਰ ਕੰਵਰ ਨੌਨਿਹਾਲ ਸਿੰਘ ਤੇ ਕਿਲੇ ਦੇ ਇਕ ਦਰਵਾਜੇ ਦਾ ਛੱਜਾ, ਜਿਸ ਵਿੱਚ ਬਾਰੂਦ ਦੱਬਿਆ ਸੀ, ਡੇਗਿਆ ਗਿਆ। ਉਹ ਫੱਟੜ ਹੋ ਗਿਆ ਅਤੇ ਬਾਦ ਵਿੱਚ ਉਸ ਦਾ ਕੀਰਤਨ ਸੋਹਿਲਾ ਵੀ ਪੜ੍ਹ ਦਿੱਤਾ ਗਿਆ। ਪਿਉ ਪੁੱਤਰ ਇਉਂ ਇਕੱਠੇ ਹੀ ਗਏ। ਨੌਨਿਹਾਲ ਸਿੰਘ ਤੋਂ ਵੈਸੇ ਪੰਜਾਬ ਦੇ ਲੋਕਾਂ ਨੂੰ ਕਾਫੀ ਆਸਾਂ ਸਨ। ਫਿਰ ਮਹਾਰਾਜੇ ਦਾ ਦੂਜਾ ਪੁੱਤਰ ਸ਼ੇਰ ਸਿੰਘ ਕੁਝ ਕੁ ਦਿਨ ਚੰਦ ਕੌਰ, ਖੜਕ ਸਿੰਘ ਦੀ ਵਿਧਵਾ ਮਹਾਰਣੀ ਦੇ ਰੋਕਣ ਬਾਦ ਤਖਤ ਤੇ ਬਹਿਣ ਵਿਚ ਕਾਮਯਾਬ ਹੋ ਗਿਆ। ਰਣਜੀਤ ਸਿੰਘ ਦੀ ਬਰਾਦਰੀ ਦੇ ਸੰਧਾਂਵਾਲੀਆ ਸਰਦਾਰਾਂ ਦੇ ਹੱਥੋਂ ਉਸਦੀ ਹੱਤਿਆ ਹੋਈ। ਨਾਲ ਹੀ ਉਹਨਾਂ ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ ਵੀ ਝਟਕਾ ਦਿੱਤਾ ਅਤੇ ਹੁਣ ਗੱਦੀ ਤੇ ਬਾਲਕ ਦਲੀਪ


Sri Satguru Jagjit Singh Ji eLibrary NamdhariElibrary@gmail.com

ਸਿੰਘ ਨੂੰ ਬਹਾਇਆ ਗਿਆ। ਰਾਜ ਕਾਜ ਦਾ ਕੰਮ ਉਸਦੀ ਮਾਤਾ (ਰਣਜੀਤ ਸਿੰਘ ਦੀ ਸਭ ਤੋਂ ਛੋਟੀ ਮਹਾਰਾਣੀ) ਜਿੰਦ ਕੌਰ ਚਲਾਉਂਦੀ ਰਹੀ।

ਮਹਾਰਾਜਾ ਸ਼ੇਰ ਸਿੰਘ ਸ਼ੁਕੀਨ ਸੁਭਾਉ ਦਾ ਸੀ। ਕਿਹਾ ਜਾਂਦਾ ਹੈ ਕਿ ਸਿੱਖਾਂ ਵਿੱਚ ਦਾੜ੍ਹੀ ਬੰਨਣ ਦਾ ਰਿਵਾਜ, ਰਾਜਪੂਤਾਂ ਜਿਉਂ, ਉਸਨੇ ਹੀ ਸ਼ੁਰੂ ਕੀਤਾ ਸੀ। ਨੌਨਿਹਾਲ ਸਿੰਘ ਕਿਉਂਕਿ ਗੱਦੀ ਨਸ਼ੀਨ ਨਹੀਂ ਹੋਇਆ ਸੀ। ਇਸ ਲਈ ਉਹਦੀ ਸਮਾਧ ਇਹਨਾਂ ਸ਼ਾਹੀ ਸਮਾਧਾਂ ਦੇ ਨਾਲ ਨਹੀ ਬਣਾਈ ਜਾ ਸਕਦੀ ਸੀ। ਮਹਾਰਾਜੇ ਰਣਜੀਤ ਸਿੰਘ ਦੀ ਸਮਾਧ ਤੇ ਵੰਡ ਤੋਂ ਪਹਿਲਾਂ ਉਸ ਦੀ ਬਰਸੀ ਤੇ ਬੜੇ ਬੜੇ ਸ਼ਾਨਦਾਰ ਪੰਜਾਬੀ ਕਵੀ ਦਰਵਾਰ ਵੀ ਹੋਇਆ ਕਰਦੇ ਸਨ। ਵਿਧਾਤਾ ਸਿੰਘ ਤੀਰ ਹੋਰਾਂ ਦੀ ਇਕ ਕਵਿਤਾ ਜੋ ਮਹਾਰਾਣੀ ਜਿੰਦਾਂ ਦਾ ਰੁਦਨ ਪੇਸ਼ ਕਰਦੀ ਹੈ ਬੜੀ ਪ੍ਰਸਿੱਧ ਸੀ-

"ਜਾਗ ਜਾਗ ਵੇ ਸੁਤਿਆ ਸ਼ੇਰ ਕੰਤਾ
ਤੈਨੂੰ ਜਿੰਦ ਜਗਾਉਣ ਲਈ ਆਈ ਹੋਈ ਆ"।

ਇਹਨਾਂ ਸਮਾਧਾਂ ਦਾ ਭਰਮਣ ਮਨ ਨੂੰ ਕਿਸੇ ਸੋਗੀ ਅਵਸਥਾ ਵਿੱਚ ਪੁਚਾ ਦਿੰਦਾ ਸੀ। ਲਾਹੌਰ ਦਰਬਾਰ ਦਾ ਦੁਖਾਂਤ ਅੱਖਾਂ ਅੱਗੇ ਘੁੰਮ ਰਿਹਾ ਸੀ। ਮਹਾਰਾਜਾ ਦਲੀਪ ਸਿੰਘ ਨੂੰ ਵੀ ਅਲਪ ਆਯੂ ਵਿੱਚ ਹੀ ਗੱਦੀਉਂ ਉਤਾਰਿਆ ਜਾਂਦਾ ਹੈ। ਮਾਂ ਪੁੱਤਰ ਨਿਖੇੜ ਦਿੱਤੇ ਜਾਂਦੇ ਹਨ। ਬਾਲ ਮਹਾਰਾਜੇ ਨੂੰ ਪੰਜਾਬ ਬਦਰ ਕਰ ਦਿੱਤਾ ਗਿਆ। ਉਸਦੇ ਪੁਰਖਿਆਂ ਦਾ ਧਾਰਮਿਕ ਅਕੀਦਾ ਵੀ ਵਿਦੇਸ਼ੀਆਂ ਦੇ ਧਰਮ ਨੂੰ ਮਹਿਮਾ ਮੰਡਿਤ ਕਰਕੇ ਉਸ ਤੋਂ ਖੋਹ ਲਿਆ। ਲੰਮੇ ਸਮੇਂ ਬਾਦ ਮਾਂ ਪੁੱਤਰ ਕਲਕੱਤੇ ਅਤੇ ਫਿਰ ਵਲਾਇਤ ਵਿੱਚ ਇਕੱਠੇ ਹੁੰਦੇ ਹਨ। ਮਹਾਰਾਣੀ ਜਿੰਦਾਂ ਦੀ ਤ੍ਰਾਸਦੀ ਸਾਰੀ ਹਾਰੀ ਹੋਈ ਕੌਮ ਦੀ ਤ੍ਰਾਸਦੀ ਬਣ ਜਾਂਦੀ ਹੈ। ਮਾਂ ਆਪਦੇ ਪੁੱਤਰ ਨਾਲ ਸੰਵਾਦ ਰਚਾਉਂਦਿਆ ਲਾਹੌਰ ਦਰਬਾਰ ਦੇ ਬੀਤੇ ਦਿਨਾਂ ਅਤੇ ਉਸਦੇ ਸ਼ਾਨਾਂ ਮੱਤੇ ਯੋਧਿਆਂ ਨੂੰ ਪਰਵਾਸੀ ਪੰਜਾਬੀ ਕਵੀ ਬਲਹਾਰ ਸਿੰਘ ਰੰਧਾਵਾ ਦੇ ਸ਼ਬਦਾਂ ਵਿੱਚ ਇਉ ਯਾਦ ਕਰਦੀ ਹੈ-

"ਐਪਰ ਸੁਰਖਰੂ ਹੋਏ ਬਗੈਰ ਜੇ ਮੈਂ,
ਉਧਰ ਗਈ ਤਾਂ ਸਾਰਿਆਂ ਪੁੱਛਣਾ ਈ।
ਤੇਰੇ ਦੇਸ਼ ਨਿਕਾਲੇ ਦੀ ਗਲ ਸੁਣਕੇ।
ਲੱਕ ਸ਼ੇਰੇ ਪੰਜਾਬ ਦਾ ਟੁਟੱਣਾ ਈ।
ਮੱਥਾ ਪਟਕ ਕੇ ਫਟਕਣਾ ਖੜਕ ਸਿੰਘ ਨੇ,
ਨੌਨਿਹਾਲ ਨੇ ਬੁੱਲਾਂ ਨੂੰ ਟੁੱਕਣਾ ਈ।
ਸ਼ੇਰ ਸਿੰਘ, ਕਸ਼ਮੀਰ, ਪਸ਼ੌਰ ਸਿੰਘ ਨੇ,
ਮੁਠੀਆਂ ਮੀਚ ਮੁਲਤਾਲ ਸਿੰਘ ਮੁੱਕਣਾ ਈ।
ਸੀਨੇ ਸਿੰਘਾਂ ਜਰਨੈਲਾਂ ਦੇ ਪਾਟ ਜਾਣੇ,
ਗੁੱਸਾ ਪਿਆ ਜੇ ਉਹਨਾਂ ਨੂੰ ਥੁਕਣਾ ਈ।
ਉਲਟੇ ਵਹਿਣ ਦਰਿਆਵਾਂ ਦੇ ਜਿੰਨੀ ਮੋੜੇ,
ਜੇਰਾ ਕਿਥੋਂ ਲਿਆਉਣਗੇ ਰੁਕਣਾ ਈ।
ਫੂਲਾ ਸਿੰਘ ਨੂੰ ਕੌਣ ਨਹੀ ਜਾਣਦਾ ਈ,
ਸ਼ਸਤਰ ਚੁੱਕ ਲਏ ਤਾਂ ਔਖਾ ਡੱਕਣਾ ਵੇ।
ਹਰੀ ਸਿੰਘ ਸਰਦਾਰ ਨੇ ਮੌਤ ਦੇ ਵੀ
ਸੱਦੇ ਮੋੜ ਕੇ ਕਿਲੇ ਤੇ ਢੁੱਕਣਾ ਵੇ,
ਮੇਵਾ ਸਿੰਘ ਤੇ ਮਾਖੇ ਖਾ ਜਾਂ ਬਾਜ਼ਾਂ,
ਸ਼ਾਮ ਸਿੰਘ ਅਟਾਰੀ ਨੇ ਉੱਠਣਾ ਵੇ।
ਫਤਹਿ ਪਾਈ ਬਗੈਰ ਨਾ ਮੁੜਨ ਵਾਲੇ
ਸੈਆਂ ਹੋਰ ਸਿਰ ਲੱਥਾਂ ਨੇ ਪੁੱਛਣਾ ਵੇ।

ਅੰਤਿਮ ਮਹਾਰਾਜੇ ਦਲੀਪ ਸਿੰਘ ਦੀ ਹੋਣੀ ਚਿਤਵਦਾ ਮੈਂ ਉਸਦੇ ਵਿਸ਼ਵ ਵਖਿਆਤ ਬਾਪ ਅਤੇ ਵੱਡੇ ਭਰਾਵਾਂ ਦੀਆਂ ਸਮਾਧਾਂ ਦੀ ਪਰਕਰਮਾ ਕਰ ਰਿਹਾ ਸਾਂ। ਉਦੋਂ ਹੀ ਮੈਨੂੰ ੧੯੯੦-੯੧ ਈ. ਦਾ ਆਪਣਾ ਮਾਸਕੋ ਦਾ ਕਿਆਮ ਯਾਦ ਆਇਆ, ਜਿਥੇ ਮੈਂ ਉਹ ਹੋਟਲ ਲੱਭਣ ਦੀ ਅਸਫਲ ਕੋਸ਼ਿਸ਼ ਕੀਤੀ ਸੀ, ਜਿਸ ਵਿੱਚ ੧੮੮੪ ਈ. ਵਿੱਚ ਕੁਝ ਸਮਾਂ ਮਹਾਰਾਜਾ ਦਲੀਪ ਸਿੰਘ ਰੂਸੀਆਂ ਨੂੰ ਅੰਗ੍ਰੇਜ਼ਾਂ ਵਿਰੁੱਧ ਜੰਗ ਦੇ ਮੈਦਾਨ ਵਿੱਚ ਉਤਾਰਨ ਲਈ ਗਿਆ ਸੀ। ਕਾਰਨ ਸਾਫ ਸੀ ਪੰਜਾਬ ਵਿੱਚ ਬਿਨਾਂ ਨਾਮਧਾਰੀਆਂ ਤੋਂ ਬਾਕੀ ਸਾਰੀ ਸਿੱਖ ਵੱਸੋਂ ਉਸ ਸਮੇਂ ਤਨੋ ਮਨੋ ਬ੍ਰਿਟਿਸ਼ ਅਧੀਨਗੀ ਨੂੰ ਸਵੀਕਾਰ ਕਰ ਚੁੱਕੀ ਸੀ। ਬਲਹਾਰ ਸਿੰਘ ਰੰਧਾਵਾ ਆਪਣੀ ਮਹਾਕਾਵਿਕ ਰਚਨਾ ਵਿੱਚ ਇਹ ਇਤਿਹਾਸਿਕ ਤੱਥ ਕਾਨੀ ਬੰਦ ਕਰ ਗਏ ਹਨ-

"ਬਚੇ ਤਾਂ ਬੱਚੇ ਬੱਸ, ਨਾਮਧਾਰੀਏ ਬਾਬੇ।
ਜਾ ਫਰੀਦ ਕੋਟੀਆ ਵਿਕਰਮ, ਤੇ ਹੀਰਾ ਸਿੰਘ ਨਾਭੇ।"

ਮਗਰਲੇ ਦੋਹਾਂ ਵੀ ਵੇਖਿਆ ਕਿ ਗੱਲ ਤਾਂ ਕੋਈ ਬਣ ਨਹੀਂ ਰਹੀ ਸੋ ਉਹ ਵੀ ਡੋਲ ਗਏ-

"ਜੈਸਾ ਵਿੱਤ ਤੈਸਾ ਹੋਇ ਵਰਤੇ
ਫਰੀਦ ਕੋਟੀਏ ਤੇ ਨਾਭੇ ਦੇ ਰਾਜੇ ਨੇ ਸੋਚਿਆ।
ਬੇਸ਼ਕ ਡਗਰ ਤੇ ਟੁਰੇ ਰਹੇ, ਨਾਮਧਾਰੀਏ ਹਠੀਲੇ,
ਜਿੰਨੇ ਜੋਗੇ ਸਨ, ਝੋਖਦੇ ਰਹੇ ਹੀਲੇ ਵਸੀਲੇ।"

(ਚਲਦਾ)

ਪਿੰਡ-ਡਾਕ ਕਰੀਵਾਲਾ
(ਸਿਰਸਾ) ਹਰਿਆਣਾ।



Sri Satguru Jagjit Singh Ji eLibrary NamdhariElibrary@gmail.com

Our Motto : Best Quality of the Day

# High Class Gun Manufacturers

## Single & Double Barrels



# 12-Bore GUNS

## Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

***Sister Concern :***

**M/S. KARTAR SINGH**
**ARMS & AMMUNITION DEALERS**




Sri Satguru Jagjit Singh Ji eLibrary NamdhariElibrary@gmail.com

# ਜਾਣੇ ਅਣਜਾਣੇ ਸਫ਼ਰ

ਕਿਸ਼ਤ-੭

ਸੁਪਨਦੀਪ ਸੰਧੂ

## ਦੁਕਾਨ ਦੀ ਰੌਣਕ

ਮੁਲਤਾਨ ਸਿੰਘ ਮਾਨ ਦੀ ਲੰਡਨ ਦੇ ਇਲਫੋਰਡ ਇਲਾਕੇ ਵਿੱਚ ਮੈਟਲ ਦੀਆਂ ਖਿੜਕੀਆਂ ਬਣਾਉਣ ਦੀ ਦੁਕਾਨ ਸੀ। ਉਸਨੇ ਦੁਕਾਨ ਵਿੱਚ ਕੰਮ ਕਰਨ ਲਈ ਜੋ ਆਦਮੀ ਰੱਖੇ ਹੋਏ ਸਨ। ਉਹ ਮੈਟਲ ਨੂੰ ਮਸ਼ੀਨਾਂ ਤੇ ਕੱਟ ਕੇ ਖਿੜਕੀ ਦਾ ਚੋਖਟਾ ਤਿਆਰ ਕਰਦੇ ਤੇ ਫਿਰ ਉਨ੍ਹਾਂ ਵਿੱਚ ਦੂਹਰਾ ਸ਼ੀਸ਼ਾ ਫਿਟ ਕਰਦੇ। ਇੰਝ ਖਿੜਕੀਆਂ ਨੂੰ ਲੋਕਾਂ ਦੇ ਘਰਾਂ ਵਿੱਚ ਵੀ ਫਿਟ ਕਰਦੇ ਸਨ।

ਜਸਪਾਲ ਸਿੰਘ , ਮੈਂ ਅਤੇ ਮੁਲਤਾਨ ਸਿੰਘ ਮਾਨ ਇੱਕ ਦਿਨ ਪੱਬ ਵਿੱਚ ਬੈਠੇ ਸਾਂ ਕਿ ਮਾਨ ਨੇ ਮੈਨੂੰ ਆਪ ਹੀ ਆਖਿਆ, ਯਾਰ ਸੁਪਨ ਤੂੰ ਵਿਹਲੇ ਰਹਿ ਕੇ ਕੀ ਕਰਨਾ ਹੈ। ਮੇਰੇ ਨਾਲ ਕੰਮ ਤੇ ਜਾਇਆ ਕਰ। ਕੰਮ ਕੋਈ ਭਾਰਾ ਵੀ ਨਹੀ। ਸੋ ਤੈਨੂੰ ਘਰੋਂ ਲੈ ਜਾਇਆ ਕਰਾਂਗੇ। ਮੇਰਾ ਵੀ ਤੇਰੇ ਨਾਲ ਦਿਲ ਲੱਗਾ ਰਿਹਾ ਕਰੇਗਾ। ਗੱਪਾਂ ਸ਼ੱਪਾਂ ਮਾਰਦੇ ਜਾਇਆ ਕਰਾਂਗੇ। ਪਰ ਤੈਨੂੰ ਏਨੀ ਮੁਸ਼ਕਿਲ ਤਾਂ ਜ਼ਰੂਰ ਹੋਵੇਗੀ ਕਿ ਵਾਪਸੀ ਤੇ ਆਪਾਂ ਨੂੰ ਘਰ ਆਉਂਦਿਆ ਦੇਰ ਹੋ ਜਾਵੇਗੀ।

ਪਿਛਲੀਆਂ ਮਿਲਣੀਆਂ ਵਿੱਚ ਮਾਨ ਮੈਨੂੰ ਕਾਫੀ ਦਿਲਚਸਪ ਬੰਦਾ ਲੱਗਾ ਸੀ। ਅਜੇ ਹੁਣੇ ਹੀ ਜਦੋਂ ਮੈਂ ਇਥੇ ਅੰਗਰੇਜ਼ੀ ਬੋਲਣ ਅਤੇ ਸਮਝਣ ਦੀ ਮੁਸ਼ਕਿਲ ਦਾ ਜ਼ਿਕਰ ਕੀਤਾ ਤਾਂ ਮਾਨ ਨੇ ਹੱਸ ਕੇ ਆਖਿਆ ਸੀ, ਸਕੂਲ ਪੜ੍ਹਦਿਆਂ ਅੰਗਰੇਜ਼ੀ ਵਿੱਚ ਮੇਰਾ ਵੀ ਬੜਾ ਹੱਥ ਤੰਗ ਹੁੰਦਾ ਸੀ। ਅੰਗਰੇਜ਼ੀ ਵਿੱਚ ਮੇਰੇ ਦਸ ਤੋਂ ਕਦੀ ਨੰਬਰ ਉਪਰ ਨਹੀ ਸੀ ਟੱਪੇ। ਇਕ ਦਿਨ ਮੇਰਾ ਬਾਪ ਅੰਗਰੇਜ਼ੀ ਵਾਲੇ ਮਾਸਟਰ ਨੂੰ ਆਖਣ ਗਿਆ ਕਿ ਮੇਰੇ ਮੁੰਡੇ ਦਾ ਖਿਆਲ ਰੱਖਿਆ ਕਰੋ ਤੇ ਜੇ ਇਹ ਲਾਪਰਵਾਹੀ ਵਰਤੇ ਤਾਂ ਇਸ ਦੇ ਕੰਨ ਖਿਚੋ। ਉਸ ਦੇ ਬਾਅਦ ਮਾਸਟਰ ਨੇ ਮੇਰਾ ਕੁਝ ਜ਼ਿਆਦਾ ਹੀ ਖਿਆਲ ਰੱਖਣਾ ਸ਼ੁਰੂ ਕਰ ਦਿੱਤਾ। ਉਸਨੇ ਮੈਥੋਂ ਉਚੇਚੇ ਤੌਰ ਤੇ ਲੈਸਨ ਸੁਣਨਾ। ਮੈਨੂੰ ਆਉਣਾ ਨਾ ਤੇ ਉਸ ਨੇ ਮੇਰੀ ਖੜਕਾਈ ਕਰਨੀ। ਉਸ ਦੇ ਜ਼ਿਆਦਾ ਖਿਆਲ ਕਰਨ ਕਰਕੇ ਮੈਂ ਉਸ ਦਾ ਪੀਰੀਅਡ ਲਾਉਣ ਦਾ ਖਿਆਲ ਹੀ ਛੱਡ ਦਿੱਤਾ। ਉਸੇ ਅੱਧ ਕੱਚੀ ਅੰਗਰੇਜ਼ੀ ਨਾਲ ਹੀ ਇਥੇ ਆ ਕੇ ਸਾਰੀ ਫਿਰਦੇ ਹਾਂ। ਤੂੰ ਵੀ ਹੌਲੀ ਹੌਲੀ ਅੰਗਰੇਜ਼ੀ ਬੋਲਣੀ ਸਮਝਣੀ ਸਿੱਖ ਜਾਵੇਂਗਾ।

ਮੈਨੂੰ ਉਸ ਨਾਲ ਕੰਮ ਉੱਤੇ ਜਾਣਾ ਪਸੰਦ ਸੀ। ਰਾਤ ਨੂੰ ਘਰ ਬੈਠਿਆਂ ਜਸਪਾਲ ਨੇ ਮੈਨੂੰ ਆਖਿਆ, ਅਸਲ ਵਿੱਚ ਮੈਂ ਮਾਨ ਨੂੰ ਆਪ ਨਹੀ ਸਾਂ ਆਖਣਾ ਚਾਹੁੰਦਾ। ਤੂੰ ਸਵੇਰ ਤੋਂ ਉਸ ਨਾਲ ਚਲੇ ਜਾਇਆ ਕਰ। ਘੱਟ-ਘੱਟ ਤੈਨੂੰ ਤੀਹ ਪੌਂਡ ਤਾਂ ਦਿਆ ਹੀ ਕਰੇਗਾ ਦਿਹਾੜੀ ਦੇ।

ਸਵੇਰੇ ਸੱਤ ਵਜੇ ਮੁਲਤਾਨ ਸਿੰਘ ਮਾਨ ਨੇ ਸਾਡੇ ਘਰ ਦੇ ਸਾਹਮਣੇ ਆ ਕੇ ਹਾਰਨ ਦਿੱਤਾ। ਭਾਬੀ ਮਨਜੀਤ ਨੇ ਸਵੇਰੇ-ਸਵੇਰੇ ਮੇਰੇ ਲਈ ਖਾਣਾ ਤਿਆਰ ਕਰਕੇ ਰੱਖਿਆ ਹੋਇਆ ਸੀ। ਉਹ ਖਾਣਾ ਛੋਟੇ ਜਿਹੇ ਬੈਗ ਵਿੱਚ ਚੁੱਕ ਕੇ ਮੈਂ ਮਾਨ ਦੀ ਵੱਡੀ ਜੀਪ ਵਿੱਚ ਆ ਬੈਠਾ। ਸਾਊਥਾਲ ਤੋਂ ਇਲਫੋਰਡ ਤੱਕ ਕਾਰ ਦਾ ਲਗਭਗ ਦੋ ਘੰਟੇ ਦਾ ਸਫਰ ਸੀ।

ਇੰਗਲੈਂਡ ਵਿੱਚ ਆ ਕੇ ਮਾਨ ਦਾ ਅੰਗਰੇਜ਼ੀ ਵੱਲੋ ਵੀ ਹੱਥ ਸੌਖਾ ਹੋ ਗਿਆ ਸੀ ਤੇ ਪੈਸੇ ਵੱਲੋਂ ਵੀ। ਪਹਿਲਾ ਪਹਿਲਾਂ ਉਹ ਇਥੇ ਕੱਚੇ ਤੌਰ ਤੇ ਆਇਆ ਸੀ ਤੇ ਉਸ ਨੇ ਕੰਮ ਇਕ ਲਾਂਡਰੀ ਵਿੱਚ ਕੱਪੜੇ ਪ੍ਰੈਸ ਕਰਨ ਤੋਂ ਸ਼ੁਰੂ ਕੀਤਾ ਸੀ। ਫਿਰ ਉਸ ਨੇ ਇਥੇ ਹੀ ਵਿਆਹ ਕਰਵਾ ਲਿਆ ਤੇ ਪੱਕੇ ਤੌਰ ਤੇ ਸਥਾਪਿਤ ਹੋ ਗਿਆ। ਪ੍ਰੈਸ ਦੇ ਕੰਮ ਤੋਂ ਬਾਅਦ ਕਈ ਪਾਪੜ ਵੇਲਣ ਤੋਂ ਪਿਛੋਂ ਉਸ ਨੇ ਖਿੜਕੀਆਂ ਬਣਾਉਣ ਅਤੇ ਫਿੱਟ ਕਰਨ ਵਾਲੇ ਕਿਸੇ ਬੰਦੇ ਨਾਲ ਕੰਮ ਸਿੱਖਣਾ ਸ਼ੁਰੂ ਕੀਤਾ। ਹੌਲੀ-ਹੌਲੀ ਉਹ ਕਾਮੇ ਤੋਂ ਮਾਲਕ ਬਣ ਗਿਆ ਸੀ।

ਗੱਲਾਂ ਬਾਤਾਂ ਕਰਦਿਆਂ ਪਤਾ ਨਹੀ ਕਦੋਂ ਸਮਾਂ ਗੁਜ਼ਰ ਗਿਆ। ਹੁਣ ਅਸੀ ਮਾਨ ਦੀ ਫੈਕਟਰੀ-ਕਮ-ਸ਼ਾਪ ਪਾਈਨ ਵਿੰਡੋਜ਼ ਦੇ ਸਾਹਮਣੇ ਖੜ੍ਹੇ ਸਾਂ। ਆਪਣਾ ਰੋਟੀ ਵਾਲਾ ਬੈਗ ਲੈ ਕੇ ਮੈਂ ਮਾਨ ਦੇ ਪਿਛੇ ਪਿਛੇ ਅੰਦਰ ਦਾਖਿਲ ਹੋਇਆ। ਮਾਨ ਦੇ ਆਫਿਸ ਦੇ ਪਿਛੇ ਇਕ ਛੋਟੇ ਜਿਹੇ ਹਾਲ ਵਿੱਚ ਵੱਡੇ ਵੱਡੇ ਮੇਜ਼ ਲੱਗੇ ਹੋਏ ਸਨ। ਇਕ ਪਾਸੇ ਲੱਕੜਾਂ ਚੀਰਨ ਵਾਲਾ ਛੋਟਾ ਜਿਹਾ ਆਰਾ ਸੀ। ਇਕ ਲੜਕਾ ਉਸ ਆਰੇ ਉੱਤੇ ਲੱਕੜਾਂ ਚੀਰ ਰਿਹਾ ਸੀ ਤੇ ਇਕ ਗੋਰੀ ਲੜਕੀ ਉਸ ਨੂੰ ਪਿਛੋਂ ਲੱਕੜਾਂ ਚੁੱਕ ਚੁੱਕ ਕੇ ਫੜਾ ਰਹੀ ਸੀ ਤੇ ਉਸ ਦੇ ਕੰਮ ਵਿੱਚ ਉਸ ਦੀ ਮਦਦ ਕਰ ਰਹੀ ਸੀ। ਮਾਨ ਦੇ ਦਫਤਰ ਵਿੱਚ ਤਿੰਨ ਚਾਰ ਆਦਮੀ ਬੈਠੇ ਹੋਏ ਸਨ। ਜਿਨ੍ਹਾਂ ਨੇ ਹੁਣੇ ਹੀ ਵੈਨ ਤੇ ਖਿੜਕੀਆਂ ਲੱਦ ਕੇ ਲਿਜਾਣੀਆਂ ਸਨ ਜਿਨ੍ਹਾਂ ਨੂੰ ਉਨ੍ਹਾਂ ਨੇ ਬਾਹਰ ਫਿਟ ਕਰਨਾ ਸੀ। ਮਾਨ ਦਾ ਸਹਾਇਕ ਬਲਜੀਤ ਸਿੰਘ ਇਕ ਕੁਰਸੀ ਉਤੇ ਬੈਠਾ ਸਿਗਰਟ ਦੇ ਫਰਾਟੇ ਛੱਡ ਰਿਹਾ ਸੀ। ਉਸ ਦਾ ਜਿਸਮ ਭਾਰਾ, ਕੱਦ ਮਧਰਾ ਸੀ ਤੇ ਉਸ ਦੇ ਇਕ ਕੰਨ ਵਿੱਚ ਸੋਨੇ ਦੀ ਵਾਲੀ ਲਿਸ਼ਕ ਰਹੀ ਸੀ। ਮਾਨ ਨੇ ਉਹਨਾਂ ਨੂੰ ਅੱਜ ਦਾ ਕੰਮ ਕਾਰ ਸਮਝਾਇਆ ਤੇ ਫਿਰ ਮੈਨੂੰ ਨਾਲ ਲੈ ਕੇ ਹਾਲ ਵਿੱਚ ਲੱਕੜਾਂ ਚੀਰ ਰਹੇ ਮੁੰਡੇ ਕੋਲ ਗਿਆ ਤੇ ਉਸ ਨੂੰ ਆਖਿਆ, "ਇਸ ਮੁੰਡੇ ਨੂੰ ਆਪਣੇ ਨਾਲ ਲਾ ਕੇ ਕੰਮ ਕਰਾ।"

ਇੰਨੀ ਕਹਿ ਕੇ ਮਾਨ ਦਫਤਰ ਵਿੱਚ ਪਰਤ ਗਿਆ। ਮੈਂ ਕੋਲ ਜਾ ਖਲੋਤਾ ਤੇ ਉਡੀਕ ਕਰਨ ਲੱਗਾ ਕਿ ਕਦੋਂ ਇਹ ਮੈਨੂੰ ਇੱਕ ਅਧਿਆਪਕ ਵਾਂਗ ਕੰਮ ਸਿਖਾਉਂਦਾ ਅਤੇ ਕਰਾਉਂਦਾ ਹੈ। ਪਰ ਉਹ ਆਪਣੇ ਧਿਆਨ ਲੱਕੜਾਂ ਚੀਰਨ ਲੱਗਾ ਰਿਹਾ। ਉਸ ਦੀ ਸਹਾਇਤਾ ਕਰ ਰਹੀ ਗੋਰੀ ਲੜਕੀ ਜਦੋਂ ਕੰਮ ਕਰਦਿਆਂ ਧੌਣ ਨੀਵੀਂ ਕਰਦੀ ਤਾਂ ਉਸ ਦੇ ਕੱਟੇ ਵਾਲਾਂ ਦੀ ਲਿਟ ਉਸ ਦੀਆ ਅੱਖਾਂ ਉੱਤੇ ਉਲਰਦੀ ਤੇ ਉਹ ਬਾਰ ਬਾਰ ਆਪਣੇ ਖੱਬੇ ਹੱਥ ਨਾਲ ਉਸ ਲਿਟ ਨੂੰ ਆਪਣੇ ਵਾਲਾਂ ਵਿੱਚ ਮੁੜ ਪਿਛੇ ਨੂੰ ਰਲਾਉਣ ਦੀ ਕੋਸ਼ਿਸ਼ ਵਿੱਚ ਰਹਿੰਦੀ। ਵਿਚ ਵਿਚ ਉਹ ਮੇਰੇ



Sri Satguru Jagjit Singh Ji eLibrary NamdhariElibrary@gmail.com

ਵੱਲ ਵੀ ਹੈਰਾਨੀ ਭਰੀਆਂ ਨਜ਼ਰਾਂ ਨਾਲ ਵੇਖਦੀ। ਬੜਾ ਚਿਰ ਲੱਕੜਾਂ ਕੱਟਣ ਤੋਂ ਬਾਅਦ ਉਹ ਲੜਕਾ ਮੈਨੂੰ ਹੇਠਾਂ ਬੇਸਮੈਂਟ ਵਿੱਚ ਲੈ ਗਿਆ। ਇਥੇ ਮੈਟਲ ਨੂੰ ਕੱਟਣ ਵਾਲੀ ਮਸ਼ੀਨ ਤੇ ਖਿੜਕੀਆਂ ਬਣਾਉਣ ਦਾ ਹੋਰ ਸਮਾਨ ਪਿਆ ਸੀ। ਉਸ ਮੁੰਡੇ ਦੇ ਪਿਛੇ ਪਿਛੇ ਇਹ ਗੋਰੀ ਲੜਕੀ ਵੀ ਹੇਠਾਂ ਆ ਗਈ। ਉਹ ਜ਼ਮੀਨ ਉੱਤੇ ਕਟਿਆ ਵੱਢਿਆ ਮੈਟਲ ਤੇ ਹੋਰ ਕੂੜਾ ਸਾਮਾਨ ਇਕੱਠਾ ਕਰਕੇ ਵੱਡੇ ਲਿਫਾਫਿਆਂ ਚ ਪਾਉਣ ਲੱਗੀ। ਮੈਂ ਉਸ ਮੁੰਡੇ ਨੂੰ ਕਿਹਾ ਕਿ ਮੈਨੂੰ ਕੋਈ ਕੰਮ ਕਰਨ ਦੇ ਲਈ ਦੇਵੇ। ਮੇਰੇ ਆਖਣ ਉੱਤੇ ਉਸ ਨੇ ਇਕ ਖਿੜਕੀ ਨੂੰ ਹੈਂਡਲ ਲਾ ਕੇ ਮੈਨੂੰ ਵਿਖਾਇਆ ਤੇ ਕਿਹਾ, ਤੂੰ ਇਸ ਤਰ੍ਹਾਂ ਹੈਂਡਲ ਲਾਈ ਚਲ। ਮੈਂ ਹੈਂਡਲ ਲਾਉਣ ਲੱਗ ਪਿਆ। ਉਹ ਦੋਵੇ ਜਣੇ ਮੈਨੂੰ ਉਥੇ ਛੱਡ ਕੇ ਆਪ ਫਿਰ ਉਪਰ ਚਲੇ ਗਏ। ਪਿਛਲੇ ਸਾਰੇ ਸਮੇ ਵਿੱਚ ਇਹ ਮੁੰਡਾ ਮੇਰੇ ਨਾਲ ਚੁਪ ਗੜੁਪ ਹੀ ਰਿਹਾ ਸੀ। ਨਾ ਉਸ ਨੇ ਮੇਰੇ ਨਾਲ ਕੋਈ ਗੱਲ ਕੀਤੀ ਤੇ ਨਾ ਹੀ ਉਸ ਕੁੜੀ ਨਾਲ। ਉਹ ਮੈਨੂੰ ਲੋੜ ਤੋਂ ਕੁਝ ਵਧੇਰੇ ਗੰਭੀਰ ਅਤੇ ਉਦਾਸਚਿਤ ਲੱਗਿਆ। ਮੈਂ ਹੈਰਾਨ ਸਾਂ ਕਿ ਏਨੀ ਸੋਹਣੀ ਕੁੜੀ ਨਾਲ ਕੰਮ ਕਰਦਿਆਂ ਵੀ ਉਹ ਉਦਾਸ ਅਤੇ ਚੁੱਪ ਚਾਪ ਕਿਉਂ ਹੈ।

ਮੈਂ ਹੈਂਡਲ ਲਗਾਉਂਦਾ ਰਿਹਾ। ਥੋੜ੍ਹੀ ਦੇਰ ਬਾਅਦ ਇਕ ਲੰਮਾ ਤੇ ਜੁਆਨ ਲੜਕਾ ਕਾਹਲੀ ਨਾਲ ਪੌੜੀਆਂ ਉਤਰ ਕੇ ਥੱਲੇ ਆਇਆ ਤੇ ਆਪਣੇ ਹੱਥ ਵਿੱਚ ਫੜਿਆ ਬੈਗ ਕਿੱਲੀ ਉੱਤੇ ਟੰਗਦਿਆਂ ਮੇਰੇ ਵੱਲ ਵੇਖ ਕੇ ਥੋੜ੍ਹਾ ਹੈਰਾਨੀ ਅਤੇ ਖੁਸ਼ੀ ਵਿੱਚ ਬੋਲਿਆ, ਹੈਲੋ ਬੌਸ ਕਿਵੇਂ , ਕੀ ਹਾਲ ਚਾਲ ਹੈ? ਅੱਜ ਨਵਾਂ ਆਇਆ ਹੈਂ?

ਮੈਂ ਬਹੁਤ ਆਦਰ ਨਾਲ ਉਸ ਨੂੰ ਕਿਹਾ, ਹਾਂ ਭਾ ਜੀ, ਅੱਜ ਪਹਿਲੇ ਦਿਨ ਹੀ ਆਇਆ ਹਾਂ"। ਫੇਰ ਉਸ ਨੇ ਮੈਨੂੰ ਮੇਰੇ ਨਾਂ, ਸ਼ਹਿਰ ਤੇ ਪੜ੍ਹਾਈ ਬਾਰੇ ਪੁਛਿਆ। ਜਦੋਂ ਉਸ ਨੂੰ ਪਤਾ ਲੱਗਾ ਕਿ ਮੈਂ ਜਲੰਧਰ ਤੋਂ ਹਾਂ ਅਤੇ ਲਾਇਲਪੁਰ ਖਾਲਸਾ ਕਾਲਜ ਦਾ ਵਿਦਿਆਰਥੀ ਹਾਂ ਤਾਂ ਇਹ ਸੁਣ ਕੇ ਉਸ ਦੀਆਂ ਅੱਖਾਂ ਵਿੱਚ ਚਮਕ ਆ ਗਈ। ਪਤਾ ਲੱਗਾ ਕਿ ਉਹ ਵੀ ਜਲੰਧਰ ਦਾ ਹੀ ਸੀ ਤੇ ਉਸ ਨੇ ਵੀ ਖਾਲਸਾ ਕਾਲਜ ਵਿੱਚ ਦੋ ਸਾਲ ਲਾਏ ਹੋਏ ਸਨ। ਉਸ ਨੇ ਕਾਲਜ ਦੇ ਆਪਣੇ ਕੁਝ ਪੁਰਾਣੇ ਸਾਥੀਆਂ ਦੇ ਨਾਂ ਲਏ। ਆਪਣੇ ਤੋਂ ਉਨ੍ਹਾਂ ਸੀਨੀਅਰ ਵਿਦਿਆਰਥੀਆਂ ਦੇ ਨਾਂ ਮੈਂ ਸੁਣੇ ਹੋਏ ਸਨ ਤੇ ਉਨ੍ਹਾਂ ਨੂੰ ਕਾਲਜ ਵਿੱਚ ਵੇਖਿਆ ਵੀ ਹੋਇਆ ਸੀ। ਸਾਡੀ ਆਪਸ ਵਿੱਚ ਸਾਂਝ ਦੀ ਤੰਦ ਜੁੜ ਗਈ। ਮੈਂ ਸੋਚਿਆ ਮੇਰੀ ਇਸ ਨਾਲ ਬਣ ਜਾਵੇਗੀ ਅਤੇ ਮੇਰਾ ਜੀਅ ਲੱਗਾ ਰਹੇਗਾ। ਸਾਡੇ ਕੋਲ ਕਰਨ ਵਾਸਤੇ ਜਲੰਧਰ ਅਤੇ ਖਾਲਸਾ ਕਾਲਜ ਦੀਆਂ ਬਹੁਤ ਸਾਰੀਆਂ ਗੱਲਾਂ ਸਨ।

ਗੱਲਾਂ ਬਾਤਾਂ ਕਰਦਿਆਂ ਉਹ ਮੈਨੂੰ ਕੰਮ ਵੀ ਸਿਖਾਉਣ ਲੱਗਾ। ਅਗਲੇ ਦਿਨਾਂ ਵਿੱਚ ਮੈਂ ਕੰਮ ਵਿਚ ਮਾਹਿਰ ਹੋ ਗਿਆ। ਉਹ ਲੜਕਾ ਮਨਿੰਦਰ ਤੇ ਮੈਂ ਹੇਠਾਂ ਬੇਸਮੈਂਟ ਵਿੱਚ ਕੰਮ ਕਰਦੇ ਸਾਂ। ਉਹ ਮੈਟਲ ਮਸ਼ੀਨ ਉੱਤੇ ਵੱਢਦਾ ਤੇ ਮੈਂ ਖਿੜਕੀਆ ਬਣਾ ਕੇ ਤਿਆਰ ਕਰੀ ਜਾਂਦਾ। ਉਪਰ ਕੰਮ ਕਰਨ ਵਾਲਾ ਲੜਕਾ ਜਿਸ ਦਾ ਨਾ ਬੀਰਾ ਸੀ ਤੇ ਉਸ ਦੀ ਸਾਥਣ ਗੋਰੀ ਲੜਕੀ ਅਲੀਜ਼ਾ ਖਿੜਕੀਆਂ ਵਿਚ ਸ਼ੀਸ਼ੇ ਪਾ ਕੇ ਤਿਆਰ ਕਰਦੇ ਤੇ ਤਿਆਰ ਹੋਈਆਂ ਖਿੜਕੀਆਂ ਹੋਰ ਬੰਦੇ ਘਰਾਂ ਵਿੱਚ ਜਾ ਕੇ ਲਾ ਆਉਂਦੇ।

ਜਦੋਂ ਮੈਂ ਖਿੜਕੀ ਤਿਆਰ ਕਰ ਲੈਣੀ ਤਾਂ ਅਲੀਜ਼ਾ ਨੇ ਖਿੜਕੀ ਚੁੱਕਣ ਲਈ ਥਲੇ ਆਉਣਾ। ਉਸ ਨੇ ਮੇਰੇ ਵੱਲ ਵੇਖ ਕੇ ਮੁਸਕਰਾ ਪੈਣਾ। ਮੈਂ ਵੀ ਮੁਸਕਰਾ ਛੱਡਦਾ ਪਰ ਮੈਂ ਉਸ ਨਾਲ ਕੋਈ ਗੱਲ ਨਾ ਕਰਦਾ। ਮੈਨੂੰ ਮਨਿੰਦਰ ਤੋਂ ਪਤਾ ਲੱਗ ਚੁੱਕਾ ਸੀ ਕਿ ਅਲੀਜ਼ਾ ਆਪਣੇ ਭਰਾ ਨਾਲ ਪੋਲੈਂਡ ਤੋਂ ਇਥੇ ਛੁੱਟੀਆਂ ਵਿੱਚ ਘੁੰਮਣ ਫਿਰਨ ਆਈ ਹੋਈ ਸੀ। ਉਹ ਪੋਲੈਂਡ ਵਿੱਚ ਯੂਨੀਵਰਸਿਟੀ ਦੀ ਵਿਦਿਆਰਥਣ ਸੀ। ਉਸ ਦਾ ਭਰਾ ਬਾਹਰ ਦੂਸਰੇ ਆਦਮੀਆਂ ਨਾਲ ਖਿੜਕੀਆਂ ਫਿਟ ਕਰਨ ਜਾਂਦਾ ਸੀ।

ਇਕ ਦਿਨ ਮੈਂ ਮਨਿੰਦਰ ਨੂੰ ਆਖਿਆ, "ਯਾਰ ਮੰਨੇ, ਤੂੰ ਅਲੀਜ਼ਾ ਨਾਲ ਕੋਈ ਗੱਲ ਬਾਤ ਹੀ ਨਹੀਂ ਕਰਦਾ।"

ਉਸ ਨੇ ਮੇਰੇ ਵੱਲ ਟੇਢੀ ਨਜ਼ਰ ਨਾਲ ਵੇਖਿਆ ਤੇ ਆਖਣ ਲੱਗਾ ਮੈਂ ਉਸ ਨੂੰ ਪਹਿਲਾਂ ਆਈ ਲਵ ਯੂ ਕਹਿ ਚੁੱਕਾ ਹਾਂ। ਅਸੀ ਹੱਥਾਂ ਤੇ ਹੱਥ ਮਾਰੇ ਕੇ ਹੱਸੇ। ਉਸ ਦੇ ਅਲੀਜ਼ਾ ਨਾਲ ਘੱਟ ਬੋਲਣ ਤੋਂ ਅਲੀਜ਼ਾ ਦੇ ਜੁਆਬ ਦਾ ਮੈਨੂੰ ਆਪੇ ਹੀ ਪਤਾ ਚੱਲ ਗਿਆ ਸੀ।

ਮੈਂ ਕਿਹਾ, "ਲਵ ਨਹੀ ਤਾਂ ਗੱਲ ਤਾਂ ਕਰਨੀ ਚਾਹੀਦੀ ਹੈ।"

ਉਸ ਨੇ ਕੰਨਾਂ ਨੂੰ ਹੱਥ ਲਾ ਕੇ ਆਖਿਆ, "ਕੀ ਬਕਵਾਸ ਹੈ। ਇਥੇ ਔਰਤਾਂ ਦੀ ਸ਼ਿਕਾਇਤ ਬਹੁਤ ਸੁਣਦੇ ਹਨ।"

ਮੈਂ ਉਸ ਨੂੰ ਸਮਝਾਇਆ ਕਿ ਸ਼ਿਕਾਇਤ ਤੱਕ ਗੱਲ ਪਹੁੰਚਣ ਤੋਂ ਪਹਿਲਾਂ-ਪਹਿਲਾਂ ਹੋਰ ਗੱਲਾਂ ਵੀ ਤਾਂ ਹੁੰਦੀਆਂ ਨੇ। ਉਹ ਫੇਰ ਕਹਿਣ ਲੱਗਾ, "ਨਿਰੀ ਬਕਵਾਸ, ਇਹ ਤਾਂ ਬੱਸ ਬੀਰੇ ਨਾਲ ਹੀ ਗੱਲਾ ਬਾਤਾਂ ਕਰਦੀ ਰਹਿੰਦੀ ਹੈ। ਬਹੁਤੀ ਗੱਲ ਹੈ ਤਾਂ ਤੂੰ ਗੱਲ ਕਰ ਕੇ ਵੇਖ ਲੈ।" ਉਸ ਨੇ ਮੈਨੂੰ ਹੱਲਾ ਸ਼ੇਰੀ ਦਿੱਤੀ।

"ਮੈਂ ਤਾਂ ਕਰਾਂਗਾ ਹੀ ਇੰਨੀ ਸੋਹਣੀ ਕੁੜੀ ਨਾਲ ਕੰਮ ਕਰਦੀ ਹੋਵੇ ਤੇ ਜੁਆਨ ਮੁੰਡੇ ਉਸ ਨੂੰ ਬੁਲਾਉਣ ਵੀ ਨਾ, ਇਹ ਕੁੜੀ ਲਈ ਉਲ੍ਹਾਮੇ ਵਾਲੀ ਗੱਲ ਹੋਵੇਗੀ।"

ਐਤਕੀਂ ਅਲੀਜ਼ਾ ਹੇਠਾਂ ਆਈ ਤਾਂ ਉਸ ਨੂੰ ਮੁਸਕਰਾਉਂਦਿਆਂ ਵੇਖ ਮੈਂ ਪੁਛਿਆ, "ਅਲੀਜ਼ਾ ਤੂੰ ਮੇਰੇ ਵੱਲ ਵੇਖ-ਵੇਖ ਮੁਸਕਰਾਉਂਦੀ ਕਿਉਂ ਰਹਿੰਦੀ ਹੈਂ। ਕੀ ਮੈਂ ਤੈਨੂੰ ਕੁਝ ਅਜੀਬ-ਅਜੀਬ ਲੱਗਦਾ ਹਾਂ।"

ਅਲੀਜ਼ਾ ਦੀਆਂ ਵਾਛਾਂ ਖਿੜ ਗਈਆਂ ਤੇ ਕਹਿਣ ਲੱਗੀ, "ਨਹੀਂ ਉਹ ਤਾਂ ਤੂੰ ਮੇਰੇ ਵੱਲ ਵੇਖ ਕੇ ਮੁਸਕਰਾਉਂਦਾ ਏਂ ਤਾਂ ਮੈਂ ਜੁਆਬੀ ਮੁਸਕਰਾਹਟ ਦਿੰਦੀ ਹਾਂ"।

ਉਸ ਨੇ ਖਿੜਕੀ ਚੁੱਕੀ, ਇਕ ਹੱਥ ਨਾਲ ਵਾਲਾਂ ਦੀ ਲਿੱਟ ਠੀਕ ਕੀਤੀ ਤੇ ਪੌੜੀਆਂ ਉਪਰ ਚੜ੍ਹ ਗਈ। ਉਹਨੂੰ ਜਾਂਦੀ ਨੂੰ ਵੇਖ ਕੇ ਮਨਿੰਦਰ ਨੇ ਸਿਰ ਹਿਲਾਇਆ ਤੇ ਫੇਰ ਆਖਿਆ, ਨਿਰੀ ਬਕਵਾਸ।

ਹੁਣ ਮੈਂ ਅਤੇ ਅਲੀਜ਼ਾ ਮੁਸਕਰਾਹਟ ਤੋਂ ਇਲਾਵਾ ਇਕ ਅੱਧੀ ਗੱਲ ਵੀ ਸਾਂਝੀ ਕਰ ਲੈਂਦੇ। ਪਰ ਬੀਰੇ ਨਾਲ ਉਪਰ ਕੰਮ ਕਰਦੀ ਹੋਣ ਕਰਕੇ ਸਾਡੇ ਮਿਲਣ ਤੇ ਗੱਲਬਾਤ ਕਰਨ ਦੇ ਮੌਕੇ ਬਹੁਤ ਘੱਟ ਮਿਲਦੇ।

ਇਕ ਦਿਨ ਮਨਿੰਦਰ ਕੰਮ ਤੇ ਨਾ ਆਇਆ। ਥੱਲੇ ਕੋਈ



Sri Satguru Jagjit Singh Ji eLibrary NamdhariElibrary@gmail.com

ਕੰਮ ਕਰਨ ਵਾਲਾ ਵੀ ਨਹੀ ਸੀ ਅਤੇ ਮੈਟਲ ਵੀ ਖਤਮ ਸੀ। ਮੈਂ ਮਾਨ ਨੂੰ ਕਿਹਾ, "ਭਾ ਜੀ ਮੈਂ ਵਿਹਲਾ ਹਾਂ, ਕੋਈ ਕੰਮ ਦੱਸੋ।"

ਮਾਨ ਨੇ ਕਿਹਾ, "ਜਾ ਉਸ ਗੋਰੀ ਨੂੰ ਥੱਲੇ ਲੈ ਜਾ ਤੇ ਕੱਟੇ ਹੋਏ ਮੈਟਲ ਦੇ ਟੋਟੇ ਲਿਫਾਫਿਆਂ ਵਿੱਚ ਪਾਉ। ਨਾਲੇ ਉਸ ਨਾਲ ਗੱਪਾਂ ਸ਼ੱਪਾਂ ਮਾਰ। ਇਹਨੂੰ ਆਪਾਂ ਤੁਹਾਡਾ ਮੁੰਡਿਆਂ-ਖੁੰਡਿਆਂ ਦਾ ਦਿਲ ਲਾਉਣ ਲਈ ਰੱਖਿਆ ਹੋਇਆ ਹੈ। ਫੇਰ ਉਸ ਨੇ ਅਲੀਜ਼ਾ ਨੂੰ ਮੇਰੇ ਨਾਲ ਜਾਣ ਲਈ ਕਿਹਾ। ਅਲੀਜ਼ਾ ਤੇ ਮੈਂ ਹੇਠਾਂ ਜਾ ਕੇ ਟੁੱਟਾ ਹੋਇਆ ਬੇਕਾਰ ਮੈਟਲ ਵੱਡੇ ਲਿਫਾਫੇ ਵਿੱਚ ਪਾਉਣ ਲੱਗੇ ਤੇ ਅਸੀ ਨਿੱਕੀਆਂ ਨਿੱਕੀਆਂ ਗੱਲਾਂ ਵੀ ਕਰਦੇ ਰਹੇ। ਉਸ ਤੋਂ ਇਹ ਵੀ ਪਤਾ ਲੱਗਾ ਕਿ ਉਹ ਅਗਲੇ ਮਹੀਨੇ ਵਾਪਸ ਪੋਲੈਂਡ ਜਾ ਰਹੀ ਸੀ। ਉਹ ਮੇਰੀਆਂ ਹਲਕੀਆਂ ਫੁਲਕੀਆਂ ਗੱਲਾਂ ਸੁਣ ਕੇ ਖੁਸ਼ ਹੁੰਦੀ ਰਹੀ ਤੇ ਮੇਰੇ ਸੁਆਲਾਂ ਦੇ ਜੁਆਬ ਬੜੀ ਦਿਲਚਸਪੀ ਨਾਲ ਦਿੰਦੀ ਰਹੀ।

ਇਸ ਦਿਨ ਤੋਂ ਬਾਅਦ ਅਸੀਂ ਇਕ ਦੂਜੇ ਨਾਲ ਖੁੱਲ੍ਹ ਕੇ ਗੱਲਾਂ ਕਰ ਲੈਂਦੇ। ਮੈਂ ਉਸ ਨੂੰ ਛੋਟਾ-ਮੋਟਾ ਮਜ਼ਾਕ ਵੀ ਕਰ ਲੈਂਦਾ। ਇਕ ਦਿਨ ਬੀਰੇ ਨੇ ਮੈਨੂੰ ਉਸ ਨਾਲ ਹੱਸਦਿਆਂ ਵੇਖਿਆ ਤੇ ਮਨਿੰਦਰ ਨੂੰ ਆਖਿਆ, "ਯਾਰ, ਇਹ ਪਤਾ ਨਹੀਂ ਆਪਣੇ ਆਪ ਨੂੰ ਕੀ ਸਮਝਦਾ ਹੈ। ਐਂਵੇ ਹੀ ਸਾਰਿਆਂ ਨੂੰ ਮਖੌਲ ਕਰਦਾ ਰਹਿੰਦਾ ਹੈ ਅਤੇ ਅਲੀਜ਼ਾ ਨੂੰ ਵੀ ਤੰਗ ਕਰਦਾ ਹੈ। ਉਹ ਮੈਨੂੰ ਆ ਕੇ ਕਹਿੰਦੀ ਹੈ।"

ਇਹ ਤਾਂ ਸਾਰਿਆਂ ਨੂੰ ਹੀ ਪਤਾ ਸੀ ਕਿ ਅਲੀਜ਼ਾ ਖੁਸ਼ ਰਹਿਣੀ ਕੁੜੀ ਹੈ ਤੇ ਆਪਣੇ ਖੁੱਲ੍ਹੇ ਸੁਭਾਅ ਸਦਕਾ ਕਿਸੇ ਦੀ ਗੱਲ ਦਾ ਗੁੱਸਾ ਨਹੀਂ ਕਰਦੀ। ਮਨਿੰਦਰ ਨੂੰ ਵੀ ਪਤਾ ਸੀ ਕਿ ਮੈਂ ਅਲੀਜ਼ਾ ਨੂੰ ਕੋਈ ਤੰਗ ਨਹੀਂ ਕਰਦਾ। ਬੀਰਾ ਐਂਵੇ ਹੀ ਅਲੀਜ਼ਾ ਨੂੰ ਆਪਣੀ ਸਮਝਦਾ ਸੀ ਤੇ ਉਸ ਤੇ ਆਪਣਾ ਹੱਕ ਜਤਾਉਂਦਾ ਸੀ। ਮੰਨ੍ਹੇ ਨੇ ਮੈਨੂੰ ਸਮਝਾਇਆ, "ਯਾਰ ਤੂੰ ਕਿਸੇ ਦੇ ਸਾਹਮਣੇ ਅਲੀਜ਼ਾ ਨੂੰ ਕੁਝ ਨਾ ਕਿਹਾ ਕਰ। ਐਵੇਂ ਲੋਕ ਸੜਦੇ ਨੇ।"

ਮੈਂ ਉਸ ਨੂੰ ਆਖਿਆ, "ਲੋਕਾਂ ਵਿੱਚ ਤਾਂ ਤੂੰ ਵੀ ਆਉਂਦਾ ਹੈਂ?"

"ਕੀ ਬਕਵਾਸ" ਉਸ ਨੇ ਆਪਣਾ ਤਕੀਆ ਕਲਾਮ ਦੁਹਰਾਇਆ ਤੇ ਹੱਸ ਕੇ ਆਖਿਆ ਚੱਲ ਬੀਰੇ ਸਾਹਮਣੇ ਕੁਝ ਨਾ ਕਿਹਾ ਕਰ।

"ਕੀ ਬੀਰਾ ਅਲੀਜ਼ਾ ਦਾ ਫੁੱਫੜ ਲੱਗਦਾ ਹੈ। ਬੀਰੇ ਨੂੰ ਕੀ ਤਕਲਿਫ ਹੁੰਦੀ ਹੈ।"

"ਨਹੀ ਯਾਰ, ਉਹ ਕਹਿੰਦਾ ਹੈ ਕਿ ਮੈਂ ਉਸ ਨੂੰ ਪਿਆਰ ਕਰਦਾ ਹਾਂ ਤੇ ਮੈਂ ਇਸ ਨਾਲ ਵਿਆਹ ਕਰਵਾਉਣਾ ਚਾਹੁੰਦਾ ਹਾਂ।"

ਮੈਂ ਉਸ ਨੂੰ ਛੇੜਿਆ, "ਪਿਆਰ ਤਾਂ ਮੈਂ ਵੀ ਉਸ ਨੂੰ ਕਰਦਾ ਹਾਂ।

"ਕੀ ਬਕਵਾਸ" ਤੇ ਉਹ ਮੁਸਕਰਾਉਂਦਾ ਹੋਇਆ ਆਪਣਾ ਕੰਮ ਕਰਨ ਲੱਗ ਪਿਆ।

ਮੈਂ ਮਨਿੰਦਰ ਦੀ ਸਲਾਹ ਉੱਤੇ ਕੋਈ ਅਮਲ ਨਾ ਕੀਤਾ ਤੇ ਆਪਣੀ ਟੁੱਟੀ ਫੁੱਟੀ ਅੰਗਰੇਜ਼ੀ ਵਿੱਚ ਅਲੀਜ਼ਾ ਨਾਲ ਛੋਟੀ ਮੋਟੀ ਗੱਪ ਸ਼ੱਪ ਲੜਾਉਂਦਾ ਰਹਿੰਦਾ।

ਇਕ ਦਿਨ ਦੁਪਹਿਰ ਵੇਲੇ ਰੋਟੀ ਖਾਂਦਿਆਂ ਅਲੀਜ਼ਾ ਮੇਰੇ ਲਾਗੇ ਬੈਠੀ ਕੋਕ ਪੀ ਰਹੀ ਸੀ। ਮੇਰੇ ਕੋਲ ਤਾਂ ਘਰ ਦੀ ਬਣੀ ਹੋਈ ਰੋਟੀ ਸੀ ਜਦਕਿ ਮੇਰੇ ਦੂਜੇ ਸਾਥੀ ਬਾਜ਼ਾਰ ਵਿੱਚੋਂ ਚਿਕਨ ਅਤੇ ਚਿਪਸ ਲੈਣ ਗਏ ਹੋਏ ਸਨ। ਮੈਂ ਅੱਧਾ ਸ਼ੁਗਲ ਵਿੱਚ ਅਤੇ ਅੱਧਾ ਗੰਭੀਰਤਾ ਨਾਲ ਅਲੀਜ਼ਾ ਨੂੰ ਪੁਛਿਆ, "ਅਲੀਜ਼ਾ ਡੂ ਯੂ ਲਾਈਕ ਮੀ (ਕੀ ਤੂੰ ਮੈਨੂੰ ਪਸੰਦ ਕਰਦੀ ਹੈਂ?)"

ਅਲੀਜ਼ਾ ਨੇ ਕੋਕ ਦੀ ਚੁਸਕੀ ਭਰੀ, ਵਾਲਾਂ ਦੀ ਲਿੱਟ ਹੱਥ ਨਾਲ ਪਿਛਾਂਹ ਨੂੰ ਕਰਦਿਆਂ ਕਿਹਾ, "ਯਾ! ਆਈ ਲਾਈਕ ਯੂ (ਹਾਂ ਮੈਂ ਤੈਨੂੰ ਪਸੰਦ ਕਰਦੀ ਹਾਂ)"।

ਮੈਂ ਗੱਲ ਅੱਗੇ ਵਧਾਈ "ਹੈਵ ਯੂ ਐਨੀ ਬੁਆਏ ਫਰੈਂਡ ਇਨ ਪੋਲੈਂਡ?" (ਕੀ ਪੋਲੈਂਡ ਵਿੱਚ ਕੋਈ ਮੁੰਡਾ ਤੇਰਾ ਦੋਸਤ ਹੈ?)

ਨੋ (ਨਹੀਂ) ਅਲੀਜ਼ਾ ਨੇ ਮੁਸਕਰਾਉਂਦਿਆਂ ਆਖਿਆ। ਹੁਣ ਮੈਂ ਮਨਿੰਦਰ ਵਾਲਾ ਵਾਕ ਬੋਲਣ ਦਾ ਮੌਕਾ ਬਣਾਇਆ, ਅਲੀਜ਼ਾ! ਆਈ ਲਵ ਯੂ। ਡੂ ਯੂ ਲਵ ਮੀ (ਮੈਂ ਤੈਨੂੰ ਪਿਆਰ ਕਰਦਾ ਹਾਂ। ਕੀ ਤੂੰ ਵੀ ਮੈਨੂੰ ਪਿਆਰ ਕਰਦੀ ਹੈਂ।

ਮੇਰਾ ਇਹ ਸੁਆਲ ਭਾਵੇਂ ਗੰਭੀਰਤਾ ਨਾਲ ਨਹੀਂ ਸੀ ਪੁਛਿਆ ਗਿਆ ਪਰ ਜੇ ਉਸ ਦਾ ਜੁਆਬ ਹਾਂ ਵਿੱਚ ਹੁੰਦਾ ਤਾਂ ਮੈਨੂੰ ਗੰਭੀਰ ਹੋਣ ਵਿੱਚ ਕੋਈ ਇਤਰਾਜ਼ ਵੀ ਨਹੀਂ ਸੀ। ਪਰ ਅਲੀਜ਼ਾ ਨੇ ਮੁਸਕਰਾਉਂਦਿਆ ਹੋਇਆਂ ਬੜੀ ਕਰਾਰੀ ਅਵਾਜ਼ ਵਿੱਚ ਦੋ ਟੁੱਕ ਆਖਿਆ, ਨੋ (ਨਹੀਂ)।

ਮੈਂ ਜ਼ਿਦ ਕੀਤੀ, ਵੱਟ ਵਾਏ? (ਪਰ ਕਿਉਂ?) ਅਲੀਜ਼ਾ ਨੇ ਕਿਹਾ, ਬੀਕਾਜ਼ ਐਵਰੀ ਬਾਡੀ ਸੇਜ਼ ਇਟ ਟੂ ਮੀ (ਕਿਉਂਕਿ ਮੈਨੂੰ ਹਰ ਕੋਈ ਇਹੋ ਗੱਲ ਹੀ ਆਖਦਾ ਹੈ)

ਮੈਂ ਥੋੜ੍ਹਾ ਜਿਹਾ ਹੋਰ ਗੰਭੀਰ ਹੋ ਕੇ ਆਪਣੇ ਆਪ ਨੂੰ ਸੱਚਾ ਸਿੱਧ ਕਰਦਿਆਂ ਆਖਿਆਂ ਨੋ ਅਲੀਜ਼ਾ! ਮਾਈ ਲਵ ਇਜ਼ ਟਰੂਅ ਫਾਰ ਯੂ (ਨਹੀਂ ਅਲੀਜ਼ਾ, ਮੇਰਾ ਪਿਆਰ ਤੇਰੇ ਲਈ ਸੱਚਾ ਹੈ)

ਮੈਨੂੰ ਗੰਭੀਰ ਹੋਇਆ ਵੇਖ ਕੇ ਉਹ ਵੀ ਗੰਭੀਰ ਹੋ ਗਈ, ਦਿਸ ਇਜ਼ ਯੂਅਰ ਪਰੋਬਲਮ (ਇਹ ਤੇਰੀ ਸਮੱਸਿਆ ਹੈ)

ਮੈਂ ਫਿਰ ਕਿਹਾ, ਨੋ ਦਿਸ ਇਜ਼ ਨਾਟ ਮਾਈ ਪਰਬਲਮ ਦਿਸ ਇਜ਼ ਆਵਰ ਪਰੋਬਲਮ (ਨਹੀਂ ਇਹ ਮੇਰੀ ਪਰੋਬਲਮ ਨਹੀਂ ਹੈ, ਇਹ ਸਾਡੀ ਸਮੱਸਿਆ ਹੈ)

ਮੈਂ ਵੇਖਿਆ ਅਲੀਜ਼ਾ ਦੇ ਚਿਹਰੇ ਉੱਤੇ ਖਿੱਝ ਉੱਭਰ ਰਹੀ ਸੀ। ਪਰ ਉਸਨੇ ਜਦੋਂ ਮੈਨੂੰ ਸ਼ਰਾਰਤ ਨਾਲ ਮੁਸਕਰਾਉਂਦਿਆਂ ਵੇਖਿਆ ਤਾਂ ਉਸ ਨੇ ਹੱਸ ਕੇ ਆਖਿਆ, ਨੋ ਦਿਸ ਇਜ਼ ਯੂਅਰ ਪਰੋਬਲਮ ਐਂਡ ਵੈਰੀ ਬਿਗ ਪਰਾਬਲਮ ਵੈਰੀ ਬਿਗ ਪਰਾਬਲਮ (ਇਹ ਤੇਰੀ ਹੀ ਸਮੱਸਿਆ ਹੈ ਤੇ ਬਹੁਤ ਵੱਡੀ ਸਮੱਸਿਆ ਹੈ) ਅਸੀਂ ਦੋਵੇ ਹੱਸਣ ਲੱਗੇ ਏਸੇ ਵੇਲੇ ਬੀਰਾ ਕਮਰੇ ਵਿੱਚ ਦਾਖਿਲ ਹੋਇਆ ਤੇ ਸਾਨੂੰ ਹੱਸਦਿਆਂ ਵੇਖ ਕੇ ਉਸ ਦੇ ਮੱਥੇ ਉੱਤੇ ਵੱਟ ਉਭਰ ਆਏ। ਉਸ ਨੂੰ ਸੜਿਆ ਭੁਜਿਆ ਵੇਖ ਮੈਨੂੰ ਲੱਗਾ ਜਿਵੇਂ ਮੈਂ ਬੀਰੇ ਲਈ ਬਿਗ ਪਰਾਬਲਮ ਹੋਵਾਂ ਤੇ ਅਲੀਜ਼ਾ ਵਿਚਾਰੀ ਲਈ ਤਾਂ ਅਸੀਂ ਸਾਰੇ ਹੀ ਸ਼ਾਇਦ ਬਿਗ ਪਰਾਬਲਮ ਸਾਂ। ਪਰ ਅਲੀਜ਼ਾ ਸਭ ਨਾਲ ਘੁਲ-ਮਿਲ ਕੇ ਵੀ ਏਨੀ ਨਿਰਲੇਪ ਸੀ ਕਿ ਸਾਡਾ ਬਿਗ ਪਰਾਬਲਮ ਬਣਨਾ ਉਸ ਨੂੰ ਨਾ ਹੀ ਕਸ਼ਟਦਾਇਕ



Sri Satguru Jagjit Singh Ji eLibrary NamdhariElibrary@gmail.com

ਲੱਗਦਾ ਤੇ ਨਾ ਹੀ ਬੁਰਾ ਲੱਗਦਾ ਸੀ ਕੁਝ ਵੀ ਸੀ। ਉਹ ਮਾਨ ਦੀ ਆਪਣੀ ਦੁਕਾਨ ਵਾਸਤੇ ਬੜੀ ਸਹੀ ਚੋਣ ਸੀ ਤੇ ਉਸ ਦੇ ਕਰਕੇ ਵਾਕਿਆ ਹੀ ਮੁੰਡਿਆਂ ਦਾ ਦਿਲ ਲੱਗਦਾ ਸੀ। ਉਹ ਸੱਚਮੁਚ ਦੁਕਾਨ ਦੀ ਰੌਣਕ ਸੀ।

ਮੁਲਤਾਨ ਸਿੰਘ ਮਾਨ ਦੇ ਕੋਲ ਕੰਮ ਕਰਨਾ ਮੈਨੂੰ ਔਖਾ ਨਹੀਂ ਸੀ ਲਗਦਾ। ਇਸ ਕੰਮ ਉੱਤੇ ਬਹੁਤਾ ਜ਼ੋਰ ਨਹੀਂ ਸੀ ਲਗਦਾ। ਉਂਝ ਮੈਂ ਆਪਣੇ ਸਾਥੀਆਂ ਨਾਲ ਗੱਲਾਂ-ਬਾਤਾਂ ਕਰਕੇ ਮਨ ਪ੍ਰਚਾਈ ਰੱਖਦਾ। ਵਿੱਚ ਵਿੱਚ ਅਲੀਜ਼ਾ ਨਾਲ ਵੀ ਮਿੱਠੀ ਮਿੱਠੀ ਛੇੜ-ਛਾੜ ਚੱਲਦੀ ਰਹਿੰਦੀ। ਇਕ ਦਿਨ ਸਵੇਰੇ ਆਉਂਦਿਆਂ ਮਾਨ ਨੇ ਸਾਹਮਣੇ ਖਲ੍ਹੋਤੀ ਅਲੀਜ਼ਾ ਨੂੰ ਉਹਦੇ ਮੋਢੇ ਉੱਤੇ ਬਾਂਹ ਵਲਦਿਆਂ ਆਪਣੇ ਵਾਲ ਘੁੱਟ ਕੇ ਉਹਦਾ ਹਾਲ-ਚਾਲ ਪੁੱਛਿਆ। ਅਲੀਜ਼ਾ ਨੇ ਉਸ ਨੂੰ ਮੁਸਕਰਾ ਕੇ ਜੁਆਬ ਦਿੱਤਾ।

ਅਗਲੇ ਦਿਨ ਮੌਕਾ ਮਿਲਦਿਆਂ ਮੈਂ ਵੀ ਉਸ ਦੁਆਲੇ ਬਾਂਹ ਵਲਾ ਕੇ ਉਹਦਾ ਹਾਲ-ਚਾਲ ਪੁੱਛਿਆ ਤਾਂ ਮਨਿੰਦਰ ਡੌਰ-ਭੌਰ ਹੋ ਕੇ ਮੇਰੇ ਵੱਲ ਵੇਖਣ ਲੱਗਾ। ਉਹਦੇ ਲਈ ਤਾਂ ਜਿਵੇਂ ਅਣਹੋਣੀ ਵਰਤ ਗਈ ਸਾਂ। ਅਲੀਜ਼ਾ ਕੰਮ ਤੇ ਜਾ ਲੱਗੀ ਤਾਂ ਮਨਿੰਦਰ ਨੇ ਖਿਝ ਕੇ ਆਖਿਆ, ਕੀ ਬਕਵਾਸ, ਇੱਧਰ ਕੰਮ ਕਰ ਆਪਣਾ ਆ ਕੇ।

ਅਸਲ ਵਿੱਚ ਕੁੜੀਆਂ ਨਾਲ ਦੋਸਤਾਂ ਵਾਂਗ ਸਹਿਜ ਸਧਾਰਨ ਸਬੰਧ ਰੱਖਣਾ ਸ਼ਾਇਦ ਅਜੇ ਸਾਡੇ ਲੋਕਾਂ ਦੇ ਵੱਸ ਦਾ ਰੋਗ ਨਹੀਂ। ਜਿਵੇਂ ਅਲੀਜ਼ਾ ਨਿਰਲੇਪ ਰਹਿ ਕੇ ਸਭ ਦੇ ਨਾਲ ਚੰਗਾ ਤੇ ਨਿੱਘਾ ਸਬੰਧ ਬਣਾਈ ਰੱਖਦੀ ਸੀ। ਸਾਡੇ ਵਿੱਚ ਅਜਿਹੀ ਨਿਰਲੇਪਤਾ ਨਜ਼ਰ ਨਹੀ ਸੀ ਆਉਂਦੀ। ਪਰ ਮੈਂ ਅਲੀਜ਼ਾ ਦੀ ਇਸ ਨਿਰਲੇਪਤਾ ਤੋਂ ਵਾਕਫ ਹੋ ਗਿਆ ਸਾਂ ਤੇ ਉਸ ਵਾਂਗ ਹੀ ਉਹਦੇ ਨਾਲ ਚੰਗੇ ਦੋਸਤਾਂ ਵਾਂਗ ਵਰਤਣ ਦੀ ਕੋਸ਼ਿਸ਼ ਕਰਦਾ ਸਾਂ। ਉਸ ਨੂੰ ਮੇਰਾ ਪਿਆਰ ਨਹੀਂ ਸਗੋਂ ਮੇਰੀ ਦੋਸਤੀ ਪ੍ਰਵਾਨ ਸੀ। ਪਰ ਸਾਡੀ ਇਹ ਦੋਸਤੀ ਦੂਸਰਿਆਂ ਨੂੰ ਤਕਲੀਫ ਦਿੰਦੀ ਸੀ। ਜੇ ਉਹ ਮੇਰੇ ਵਾਂਗ ਸਹਿਜ ਰਹਿ ਕੇ ਅਲੀਜ਼ਾ ਨਾਲ ਬੋਲਦੇ ਵਰਤਦੇ ਤਾਂ ਸ਼ਾਇਦ ਉਹ ਮੇਰੇ ਵਾਂਗ ਉਨ੍ਹਾਂ ਦੀ ਵੀ ਉਨੀ ਹੀ ਚੰਗੀ ਦੋਸਤ ਹੁੰਦੀ।

ਸਾਡਾ ਕੰਮ ਸ਼ਾਮ ਦੇ ਛੇ ਵਜੇ ਤੱਕ ਚਲਦਾ ਸੀ। ਜੇ ਅਸੀਂ ਦਸ-ਪੰਦਰਾਂ ਮਿੰਟ ਪਹਿਲਾਂ ਕੰਮ ਛੱਡ ਕੇ ਕਮਰੇ ਤੋਂ ਬਾਹਰ ਪਈਆ ਖਿੜਕੀਆਂ ਤੇ ਸਮਾਨ ਅੰਦਰ ਰੱਖਣ ਲੱਗ ਪੈਂਦੇ ਤਾਂ ਮਾਨ ਖਿਝ ਜਾਂਦਾ। ਮਾਨ ਨੇ ਮੈਨੂੰ ਤਾਂ ਕਦੀ ਕੁਝ ਨਹੀਂ ਸੀ ਆਖਿਆ, ਪਰ ਸਾਰਿਆਂ ਨੂੰ ਸੁਣਾ ਕੇ ਉਹ ਅਕਸਰ ਆਖਦਾ, ਅਜੇ ਅੱਧਾ ਘੰਟਾ ਪਿਆ ਹੈ। ਘਰ ਭੱਜਣ ਦੀ ਕਾਹਲੀ ਹੈ ਤੁਹਾਨੂੰ ਸਾਰਿਆਂ ਨੂੰ, ਘੜੀ ਹੋਰ ਕੰਮ ਕਰ ਲੈਂਦੇ। ਅੱਜ ਹੁਣੇ ਹੀ ਖਿੜਕੀਆਂ ਅੰਦਰ ਰੱਖਣ ਲੱਗ ਪਏ ਜੇ।

ਅਸਲ ਵਿੱਚ ਮਾਨ ਵਿਚਲਾ ਮਾਲਕ ਸਾਰੇ ਮਾਲਕਾਂ ਵਾਂਗ ਵਧ ਤੋਂ ਵਧ ਕੰਮ ਲੈਣਾ ਚਾਹੁੰਦਾ ਸੀ। ਮਾਨ ਨਾਲ ਕੰਮ ਕਰਦਿਆਂ ਕੁਝ ਦਿਨ ਹੀ ਹੋਏ ਸਨ ਜਦ ਉਹ ਬੇਸਮੈਂਟ ਵਿਚ ਸਾਡੇ ਕੋਲ ਆਇਆ ਤਾਂ ਲਗਭਗ ਛੁੱਟੀ ਦੇ ਵਕਤ ਪੁੱਛਿਆ, ਅੱਜ ਕਿੰਨੀਆਂ ਖਿੜਕੀਆਂ ਬਣਾਈਆਂ ਜੇ? ਮਨਿੰਦਰ ਨੇ ਆਖਿਆ, ਛੇ। ਮਾਨ ਆਪਣੇ ਸਦਾ-ਬਹਾਰ ਅੰਦਾਜ਼ ਵਿੱਚ ਪਾਸੇ ਨੂੰ ਸਿਰ ਹਿਲਾ ਕੇ ਆਖਿਆ, ਚਅ! ਟੀਟੂ ਇਕੱਲਾ ਹੀ ਬਾਰਾਂ ਖਿੜਕੀਆਂ ਬਣਾ ਲੈਂਦਾ ਸੀ। ਤੁਸੀ ਤਾਂ ਦੋ ਜਣੇ ਹੋ। ਥੋੜ੍ਹੀ ਜਿਹੀ ਸਪੀਡ ਫੜੋ। ਯਾਰ! ਕੀ ਕਰਦੇ ਹੋ?

ਅਗਲੇ ਦਿਨ ਅਸੀਂ ਮਾਨ ਨੂੰ ਖੁਸ਼ ਕਰਨ ਲਈ ਸੱਚਮੁਚ ਥੋੜ੍ਹੀ ਸਪੀਡ ਵਧਾ ਦਿੱਤੀ। ਜਦ ਮਾਨ ਥੱਲੇ ਆਇਆ ਤਾਂ ਮੈਂ ਉਸ ਨੂੰ ਆਖਿਆ, ਮਾਨ ਸਾਹਿਬ, ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਅੱਜ ਅਸੀਂ ਨੌਂ ਖਿੜਕੀਆਂ ਬਣਾ ਦਿੱਤੀਆਂ ਨੇ।

ਮਾਨ ਨੇ ਫਿਰ ਸਿਰ ਹਿਲਾਇਆ ਤੇ ਆਖਿਆ, ਚੁਅ! ਓ ਯਾਰ! ਟੀਟੂ ਇਕੱਲਾ ਹੀ ਬਾਰ੍ਹਾਂ ਖਿੜਕੀਆਂ ਬਣਾ ਲੈਂਦਾ ਸੀ।

ਅਸੀਂ ਉਹਦੀ ਗੱਲ ਸੁਣ ਕੇ ਅੰਦਰੇ ਅੰਦਰ ਸ਼ਰਮਿਦਾ ਵੀ ਹੋਏ ਤੇ ਗੁੱਸੇ ਵੀ। ਇਕ ਦਿਨ ਅਸੀਂ ਸਾਰਾ ਜ਼ੋਰ ਲਾ ਕੇ ਬਾਰ੍ਹਾਂ ਖਿੜਕੀਆਂ ਬਣਾ ਹੀ ਲਈਆਂ। ਜਦੋਂ ਮੈਂ ਮਾਨ ਨੂੰ ਆਖਿਆ, "ਲਵੋ ਅਜ ਅਸੀ ਰਿਕਾਰਡ ਤੋੜ ਦਿੱਤਾ ਜੇ।" ਤਾਂ ਮਾਨ ਨੇ ਫਿਰ ਉਸੇ ਅੰਦਾਜ਼ ਵਿੱਚ ਆਖਿਆ, ਚੁਅ! ਟੀਟੂ ਇਕੱਲਾ ਹੀ ਚੌਦਾਂ ਖਿੜਕੀਆਂ ਬਣਾ ਦਿੰਦਾ ਸੀ। ਤੁਸੀ ਤਾਂ ਦੋ ਜਣੇ ਹੋ। ਉਥੇ ਤਾਂ ਮੈਂ ਮਾਨ ਨੂੰ ਕੁਝ ਨਾ ਕਿਹਾ ਪਰ ਸ਼ਾਮ ਨੂੰ ਵਾਪਸ ਆਉਂਦਿਆਂ ਮੈਂ ਜੀਪ ਚਲਾ ਰਹੇ ਮਾਨ ਨੂੰ ਹੱਸ ਕੇ ਪੁੱਛਿਆ, ਮਾਨ ਸਾਹਿਬ, ਇਹ ਟੀਟੂ ਕੀ ਬਲਾ ਸੀ? ਕੋਈ ਹੈਗਾ ਵੀ ਸੀ ਕਿ ਨਹੀਂ?

ਮਾਨ ਨੇ ਸਾਹਮਣਿਓਂ ਧੌਣ ਮੋੜ ਕੇ ਮੇਰੇ ਵੱਲ ਵੇਖਿਆ ਤੇ ਇਸ ਤਰੀਕੇ ਨਾਲ ਮੁਸਕਰਾਇਆ ਜਿਵੇਂ ਮੈਂ ਉਸ ਦਾ ਪਾਇਆ ਸਵਾਲ ਬੁੱਝ ਲਿਆ ਹੋਵੇ।

ਛੇ ਵਜੇ ਛੁੱਟੀ ਹੋਣ ਤੋਂ ਬਾਅਦ ਮੈਨੂੰ ਹਰ ਵੇਲੇ ਇਹ ਚਿੰਤਾ ਰਹਿੰਦੀ ਕਿ ਮਾਨ ਹੁਣ ਘਰ ਨੂੰ ਤੁਰ ਪਵੇ ਸਹੀ। ਕਈ ਵਾਰੀ ਇਸ ਤਰ੍ਹਾਂ ਹੁੰਦਾ ਕਿ ਘਰਾਂ ਵਿੱਚ ਖਿੜਕੀਆਂ ਫਿਟ ਕਰਨ ਵਾਲੇ ਕਾਮੇ ਕੰਮ ਤੋਂ ਬਾਅਦ ਰਿਪੋਰਟ ਕਰਨ ਆ ਜਾਂਦੇ। ਕੰਮ ਦੀਆਂ ਗੱਲਾਂ ਦੇ ਨਾਲ ਨਾਲ ਹਾਸਾ ਠੱਠਾ ਵੀ ਚਲਦਾ ਰਹਿੰਦਾ। ਕਦੀ ਕਦੀ ਪੱਬ ਵਿਚ ਜਾਣ ਦਾ ਪ੍ਰੋਗਰਾਮ ਵੀ ਬਣ ਜਾਂਦਾ। ਕਦੀ ਕਦੀ ਮਹਿਫਿਲ ਦੋ ਢਾਈ ਘੰਟੇ ਲੰਬੀ ਹੋ ਜਾਂਦੀ। ਮਾਨ ਰੋਜ਼ ਸ਼ਰਾਬ ਪੀ ਕੇ ਜਾਂਦਾ। ਉਥੇ ਸ਼ਰਾਬ ਪੀ ਕੇ ਕਾਰ ਚਲਾਉਣੀ ਮਨ੍ਹਾਂ ਹੈ। ਜੇ ਸ਼ਰਾਬੀ ਬੰਦਾ ਗੱਡੀ ਚਲਾਉਂਦਾ ਫੜਿਆ ਜਾਵੇ ਲਾਈਸੈਂਸ ਤਾਂ ਕੈਂਸਲ ਹੁੰਦਾ ਹੀ ਹੈ, ਨਾਲ ਜੁਰਮਾਨਾ ਵ੍ਹੀ ਹੁੰਦਾ ਹੈ। ਪਹਿਲਾਂ ਪਹਿਲਾ ਮੈਨੂੰ ਡਰ ਵੀ ਲੱਗਦਾ ਕਿ ਮਾਨ ਕਿਧਰੇ ਗੱਡੀ ਦਾ ਐਕਸੀਡੈਂਟ ਹੀ ਨਾ ਕਰ ਦੇਵੇ।

ਪਰ ਹੈਰਾਨੀ ਦੀ ਗੱਲ ਸੀ ਮਾਨ ਸ਼ਰਾਬ ਪੀ ਕੇ ਗੱਡੀ ਹੋਰ ਵੀ ਧਿਆਨ ਨਾਲ ਚਲਾਉਂਦਾ। ਦੂਜੀ ਹੈਰਾਨੀ ਇਸ ਗੱਲ ਦੀ ਸੀ ਕਿ ਹਰ ਰੋਜ਼ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲਾ ਮਾਨ ਅਜੇ ਤੱਕ ਪੁਲਿਸ ਦੇ ਕਾਬੂ ਨਹੀ ਸੀ ਆਇਆ। ਉਹ ਹੱਸ ਕੇ ਆਖਦਾ, ਮੈਨੂੰ ਤਾਂ ਸਗੋਂ ਸ਼ਰਾਬ ਪੀ ਕੇ ਹੋਸ਼ ਆਉਂਦੀ ਹੈ।

ਜੀਪ ਵਿੱਚ ਬੈਠ ਕੇ ਉਹ ਕੋਈ ਨਾ ਕੋਈ ਪੰਜਾਬੀ ਕੈਸਿਟ ਲਾ ਦਿੰਦਾ। ਉੱਚੀ ਆਵਾਜ਼ ਵਿੱਚ ਪੰਜਾਬੀ ਗੀਤ ਵਜ ਰਿਹਾ ਹੁੰਦਾ ਤਾਂ ਮਾਨ ਮੈਨੂੰ ਆਖਦਾ, ਸੁਪਨ, ਆਹ ਕੈਸਿਟ ਕੱਢ ਤੇ ਆਹ ਲਾ। ਇਸ ਤਰ੍ਹਾਂ ਉਹ ਕੈਸਿਟਾਂ ਕਢਵਾਉਂਦਾ, ਲਵਾਉਂਦਾ


Sri Satguru Jagjit Singh Ji eLibrary NamdhariElibrary@gmail.com

ਤੇ ਲਲਕਾਰਾ ਮਾਰ ਕੇ ਆਖਦਾ, ਸੁਪਨ ਸਾਰਾ ਕੁਝ ਬੰਦ ਕਰ ਦੇ। ਚੱਲ ਹੁਣ ਤੂੰ ਗਾ।

ਮੈਂ ਸੁਰ ਉੱਚੀ ਚੁੱਕਦਾ, ਜੱਗ ਜੰਕਸ਼ਨ ਰੇਲਾਂ ਦਾ, ਗੱਡੀ ਇਕ ਆਵੇ ਇਕ ਜਾਵੇ। ਮੇਰੇ ਨਾਲ ਮਾਨ ਵੀ ਉੱਚੀ ਉੱਚੀ ਗਾਉਣ ਲੱਗ ਪੈਂਦਾ। ਬਾਹਰ ਸੜਕ ਤੇ ਜਗਮਗ ਕਰਦੀਆਂ ਕਾਰਾਂ ਜਾ ਰਹੀਆਂ ਹੁੰਦੀਆਂ। ਬਾਹਰ ਰਾਤ ਖਿੜੀ ਹੁੰਦੀ, ਅੰਦਰ ਸਾਡਾ ਮਨ ਖਿੜਿਆ ਹੁੰਦਾ। ਇਸ ਤਰ੍ਹਾਂ ਹੀ ਹੱਸਦੇ-ਗਾਉਂਦੇ ਅਸੀਂ ਸਾਡੇ ਘਰ ਦੇ ਸਾਹਮਣੇ ਜਾ ਖੜ੍ਹਦੇ।

ਜਿੰਨਾ ਚਿਰ ਮੈਂ ਘਰ ਨਾ ਆਉਂਦਾ ਜਸਪਾਲ ਉਨ੍ਹਾਂ ਚਿਰ ਜਾਗਦਾ ਰਹਿੰਦਾ। ਭਾਬੀ ਮਨਜੀਤ ਨੇ ਸਵੇਰੇ ਚਾਰ ਵਜੇ ਕੰਮ ਤੇ ਜਾਣਾ ਹੁੰਦਾ, ਇਸ ਲਈ ਉਹ ਸੌਂ ਜਾਂਦੇ। ਮੇਰੇ ਜਾਣ ਤੇ ਜਸਪਾਲ ਸਿੰਘ ਰੋਟੀ ਗਰਮ ਕਰਦਾ ਤੇ ਮੈਨੂੰ ਖਾਣ ਨੂੰ ਦਿੰਦਾ। ਕਈ ਵਾਰ ਜੇ ਮਾਨ ਦੀ ਮਹਿਫਿਲ ਲੰਬੀ ਹੋ ਜਾਂਦੀ ਤਾਂ ਇਕ ਵੀ ਵਜ ਜਾਂਦਾ। ਪਰੇਸ਼ਾਨੀ ਮੈਨੂੰ ਇਸ ਗੱਲ ਦੀ ਵੀ ਸੀ ਕਿ ਮੈਂ ਜਸਪਾਲ ਸਿੰਘ ਹੁਰਾਂ ਨੂੰ ਵਾਧੂ ਦੀ ਖੇਚਲ ਦੇ ਰਿਹਾ ਸਾਂ। ਇਕ ਦਿਨ ਮੈਂ ਜਸਪਾਲ ਸਿੰਘ ਨੂੰ ਆਖਿਆ, ਭਾਅ ਜੀ, ਤੁਸੀ ਸੌਂ ਜਾਇਆ ਕਰੋ, ਤੁਸੀਂ ਵੀ ਸਵੇਰੇ ਕੰਮ ਤੇ ਜਾਣਾ ਹੁੰਦਾ ਹੈ। ਚਾਬੀ ਮੇਰੇ ਕੋਲ ਹੁੰਦੀ ਹੈ, ਮੈਂ ਆਪੇ ਹੀ ਰੋਟੀ ਗਰਮ ਕਰਕੇ ਖਾ ਕੇ ਸੌਂ ਜਾਇਆ ਕਰਾਂਗਾ।

ਉਸ ਤੋਂ ਬਾਅਦ ਜਸਪਾਲ ਸਿੰਘ ਸੌਂ ਜਾਂਦਾ। ਪਰ ਫੇਰ ਵੀ ਉਸ ਨੂੰ ਇਹ ਫਿਕਰ ਲੱਗਾ ਰਹਿੰਦਾ ਕਿ ਮੈਂ ਆ ਗਿਆ ਹਾਂ ਕਿ ਨਹੀਂ। ਜਦੋਂ ਉਸ ਦੀ ਜਾਗ ਖੁੱਲ੍ਹਦੀ ਉਹ ਉਠ ਕੇ ਮੇਰੇ ਕਮਰੇ ਵਿਚ ਝਾਤੀ ਮਾਰ ਕੇ ਫਿਰ ਸੌਂ ਜਾਂਦਾ।

ਕਦੀਂ ਕਦੀਂ ਜਸਪਾਲ ਮੇਰੇ ਜਾਂਦਿਆ ਨੂੰ ਸ਼ਰਾਬ ਨਾਲ ਰੱਜਿਆ ਹੁੰਦਾ। ਅਸੀਂ ਰਲ ਕੇ ਰੋਟੀ ਖਾਂਦੇ। ਰੋਟੀ ਤੋਂ ਬਾਅਦ ਉਹ ਫਰਿਜ ਵਿੱਚੋਂ ਕੋਈ ਨਾ ਕੋਈ ਫਲ ਕੱਢ ਕੇ ਲਿਆਉਂਦਾ। ਅਸੀਂ ਰਲ ਕੇ ਫਲ ਖਾਂਦੇ। ਇਕ ਦਿਨ ਜਸਪਾਲ ਨੇ ਮੈਨੂੰ ਇਸ ਗੱਲੋਂ ਵਰਜਿਆ ਕਿ ਮੈਂ ਬਾਹਰੋਂ ਜਾ ਕੇ ਆਪਣੇ ਦੋਸਤਾਂ ਨੂੰ ਫੋਨ ਕਿਉਂ ਕਰਦਾ ਰਹਿੰਦਾ ਹਾਂ ਤੇ ਇੰਨੀ ਮਿਹਨਤ ਨਾਲ ਕੀਤੀ ਕਮਾਈ ਫੋਨਾਂ ਤੇ ਰੋੜ੍ਹੀ ਜਾਂਦਾ ਹਾਂ। ਅਸਲ ਵਿੱਚ ਉਸ ਦੇ ਮਨ ਵਿੱਚ ਸੀ ਕਿ ਮੈਂ ਵੱਧ ਤੋ ਵੱਧ ਜੋੜ ਕੇ ਆਪਣੇ ਨਾਲ ਲੈ ਕੇ ਜਾਵਾਂ। ਫੋਨ ਕਰਨ ਬਾਰੇ ਉਸ ਦੀ ਇਹ ਰਾਇ ਸੀ ਕਿ ਮੈਂ ਹਫਤੇ ਬਾਅਦ ਘਰ ਵਾਲੇ ਟੈਲੀਫੋਨ ਤੋਂ ਆਪਣੇ ਮਾਪਿਆਂ ਨੂੰ ਫੋਨ ਕਰ ਸਕਦਾ ਹਾਂ। ਇਕ ਦਿਨ ਮੈਂ ਆਪਣੇ ਖੁੱਲ੍ਹੇ ਸੁਭਾਅ ਮੁਤਾਬਕ ੧੫ ਪੌਂਡ ਖਰਚ ਕੇ ਆਪਣੇ ਦੋਸਤ ਨੂੰ ਫੋਨ ਕੀਤਾ। ਜਸਪਾਲ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਰਾਤ ਨੂੰ ਰੋਟੀ ਖਾਂਦਿਆਂ ਮੈਨੂੰ ਅਜਿਹੀ ਫਜ਼ੂਲ ਖਰਚੀ ਕਰਨ ਤੋਂ ਰੋਕਣ ਲਈ ਝਿੜਕਨ ਲੱਗਾ। ਮੈਨੂੰ ਉਸ ਦਾ ਇਸ ਤਰ੍ਹਾਂ ਝਿੜਕਨਾ ਬੁਰਾ ਲੱਗਾ। ਅੰਦਰੇ-ਅੰਦਰ ਮੈਨੂੰ ਗੁਸਾ ਵੀ ਆਇਆ। ਉਹ ਗੱਲਾਂ ਕਰੀ ਜਾ ਰਿਹਾ ਸੀ ਪਰ ਮੈਂ ਉਸ ਦੀ ਗੱਲ ਦਾ ਕੋਈ ਹੁੰਗਾਰਾ ਨਹੀਂ ਸਾਂ ਭਰ ਰਿਹਾ। ਰੋਟੀ ਖਾ ਕੇ ਮੈਂ ਚੁਪ ਚਾਪ ਸੌਣ ਦੀ ਤਿਆਰੀ ਕਰਨ ਲੱਗਾ। ਜਸਪਾਲ ਨੂੰ ਪਤਾ ਚੱਲ ਗਿਆ ਕਿ ਮੈਂ ਉਸ ਨਾਲ ਨਾਰਾਜ਼ ਹਾਂ। ਉਸ ਨੇ ਮੈਨੂੰ ਆਖਿਆ, ਜਾ ਫਰਿਜ ਵਿੱਚੋ ਸੰਤਰਾ ਕੱਢ ਕੇ ਲਿਆ। ਮੈਂ ਜੁਆਬ ਦਿੱਤਾ ਕਿ ਮੈਨੂੰ ਸੰਤਰੇ ਦੀ ਕੋਈ ਜ਼ਰੂਰਤ ਨਹੀਂ। ਉਸ ਨੇ ਮੈਨੂੰ ਇਕ ਵਾਰ ਫਿਰ ਸੰਤਰਾ ਲਿਆਉਣ ਲਈ ਕਿਹਾ। ਪਰ ਮੈਂ ਚੁੱਪ ਰਿਹਾ। ਉਹ ਆਪ ਉਠਿਆ ਤੇ ਫਰਿੱਜ ਵਿਚੋਂ ਸੰਤਰੇ ਕੱਢ ਕੇ ਲਿਆਇਆ। ਸੰਤਰਾ ਛਿੱਲ ਕੇ ਉਸ ਨੇ ਫਾੜੀ ਮੇਰੇ ਵੱਲ ਵਧਾਈ। ਮੈਂ ਫਾੜੀ ਲੈਣ ਤੋਂ ਇਨਕਾਰ ਕੀਤਾ ਤਾਂ ਉਸ ਨੇ ਸ਼ਰਾਬੀਆਂ ਵਾਲੇ ਲੋਰ ਵਿਚ ਆਖਿਆ, ਤੈਨੂੰ ਸੰਤਰਾ ਖਾਣਾ ਹੀ ਪਊ। ਮੈਂ ਪੁੱਛਿਆ, ਕਿਉਂ?

ਉਸ ਨੇ ਉਸੇ ਲੋਰ ਵਿੱਚ ਆਖਿਆ, ਕਿਉਂਕਿ ਇਸ ਮੁਲਕ ਵਿੱਚ ਰੋਟੀ ਤੋਂ ਬਾਅਦ ਸੰਤਰਾ ਖਾਣਾ ਹੀ ਪੈਂਦਾ ਹੈ। ਮੈਨੂੰ ਉਸ ਦੀ ਇਸ ਦਲੀਲ ਉੱਤੇ ਹਾਸਾ ਆ ਗਿਆ ਤੇ ਮੈਂ ਉਸ ਦੇ ਹੱਥੋਂ ਸੰਤਰੇ ਦੀ ਫਾੜੀ ਫੜ ਕੇ ਮੂੰਹ ਵਿੱਚ ਪਾ ਲਈ। ਮੈਨੂੰ ਮੰਨਿਆ ਵੇਖ ਕੇ ਫੇਰ ਆਖਣ ਲੱਗਾ, ਇਸ ਮੁਲਕ ਵਿੱਚ ਰੋਟੀ ਤੋਂ ਬਾਅਦ ਸੰਤਰਾ ਖਾਣਾ ਹੀ ਪੈਂਦਾ ਹੈ।

ਘਰਾਂ ਵਿਚ ਜਿਵੇਂ ਅਕਸਰ ਹੀ ਛੋਟੀ ਮੋਟੀ ਲੜਾਈ ਝਗੜਾ ਹੁੰਦਾ ਰਹਿੰਦਾ ਹੈ, ਮਨਜੀਤ ਅਤੇ ਜਸਪਾਲ ਸਿੰਘ ਵਿਚ ਵੀ ਇਸ ਤਰ੍ਹਾਂ ਦਾ ਤਕਰਾਰ ਚਲਦਾ ਰਹਿੰਦਾ । ਬਹੁਤੀ ਲੜਾਈ ਤਾਂ ਜਸਪਾਲ ਦੇ ਜ਼ਿਆਦਾ ਸ਼ਰਾਬ ਪੀਣ ਤੋਂ ਹੁੰਦੀ। ਮਨਜੀਤ ਉਸ ਨੂੰ ਸ਼ਰਾਬ ਪੀਣ ਤੋਂ ਵਰਜਦੀ ਰਹਿੰਦੀ। ਉਹ ਮਨਜੀਤ ਦੀ ਨਰਾਜ਼ਗੀ ਤੋਂ ਡਰਦਿਆਂ ਕਈ ਵਾਰ ਸ਼ਰਾਬ ਨਾ ਪੀਣ ਤੋਂ ਸਹੁੰ ਵੀ ਖਾ ਲੈਂਦਾ। ਪਰ ਉਸ ਦੀ ਇਹ ਸਹੁੰ ਅਗਲੇ ਦਿਨ ਹੀ ਟੁੱਟ ਜਾਂਦੀ। ਇਕ ਦਿਨ ਮਨਜੀਤ ਕੰਮ ਤੇ ਗਈ ਹੋਈ ਸੀ ਕਿ ਜਸਪਾਲ ਅਤੇ ਉਸ ਦੇ ਸਾਲੇ ਮਹਿੰਦਰਪਾਲ ਨੇ ਘਰ ਦੇਸੀ ਸ਼ਰਾਬ ਕੱਢ ਲਈ। ਮਨਜੀਤ ਨੂੰ ਪਤਾ ਲੱਗਾ ਤਾਂ ਉਹ ਬਹੁਤ ਨਾਰਾਜ਼ ਹੋਈ। ਰਾਤ ਨੂੰ ਮੈਂ ਕੰਮ ਤੋਂ ਪਰਤਿਆ ਤਾਂ ਉਹ ਦੋਵੇ ਘੁੱਟ-ਵੱਟ ਬੈਠੇ ਸਨ। ਮਨਜੀਤ ਭਾਬੀ ਨੂੰ ਮੈਂ ਕਾਰਨ ਪੁੱਛਿਆ ਤਾ ਮਨਜੀਤ ਨੇ ਸਾਰੀ ਕਹਾਣੀ ਸੁਣਾ ਕੇ ਆਖਿਆ, ਇਕ ਤਾਂ ਗਲਤੀ ਕੀਤੀ ਹੈ, ਦੂਸਰਾ ਉੱਤੋਂ ਮੂੰਹ ਫੁਲਾ ਕੇ ਬੈਠੇ ਹਨ।

ਮੈਂ ਉੱਠਿਆ ਤੇ ਫਰਿੱਜ ਵਿਚੋਂ ਇਕ ਸੰਤਰਾ ਕੱਢ ਲਿਆਇਆ। ਸੰਤਰਾ ਛਿੱਲ ਕੇ ਮੈਂ ਇਕ ਫਾੜੀ ਮਨਜੀਤ ਨੂੰ ਦਿੱਤੀ ਤੇ ਕਿਹਾ ਕਿ ਉਹ ਇਹ ਫਾੜੀ ਜਸਪਾਲ ਨੂੰ ਫੜਾਏ। ਮਨਜੀਤ ਨੇ ਫਾੜੀ ਜਸਪਾਲ ਵੱਲ ਵਧਾਈ। ਪਰ ਜਸਪਾਲ ਨੇ ਸੰਤਰਾ ਖਾਣ ਤੋਂ ਨਾਂਹ ਕਰ ਦਿੱਤੀ। ਮੈਂ ਉਸ ਨੂੰ ਆਖਿਆ, ਭਾਅ ਜੀ, ਤੁਹਾਨੂੰ ਇਹ ਸੰਤਰਾ ਖਾਣਾ ਹੀ ਪੈਣਾ ਹੈ। ਉਸ ਨੇ ਅੱਖਾਂ ਚੁੱਕ ਕੇ ਮੇਰੇ ਵੱਲ ਵੇਖਿਆ ਤੇ ਨਰਾਜ਼ਗੀ ਨਾਲ ਆਖਿਆ, ਕਿਉਂ ਖਾਣਾ ਪੈਣਾ ਹੈ।

ਮੈਂ ਸ਼ਰਾਬੀ ਹੋਏ ਜਸਪਾਲ ਵਾਂਗ ਹੱਥ ਹਿਲਾ ਕੇ ਐਕਟਿੰਗ ਕੀਤੀ, ਕਿਉਂਕਿ ਇਸ ਮੁਲਕ ਵਿੱਚ ਸੰਤਰਾ ਖਾਣਾ ਹੀ ਪੈਂਦਾ ਹੈ।

ਇਹ ਸੁਣ ਕੇ ਜਸਪਾਲ ਦਾ ਹਾਸਾ ਨਿਕਲ ਗਿਆ। ਮਨਜੀਤ ਵੀ ਹੱਸ ਪਈ ਤੇ ਗੁੱਸੇ ਵਾਲਾ ਮਾਹੌਲ ਖੁਸ਼ੀ ਵਿੱਚ ਤਬਦੀਲ ਹੋ ਗਿਆ। ਮੈਂ ਉਨ੍ਹਾਂ ਦੇ ਟੱਬਰ ਦਾ ਇਕ ਆਪਣਾ ਜੀਅ ਬਣ ਗਿਆ ਸਾਂ ਤੇ ਸਾਡੀ ਆਪਣੀ ਸਬੰਧਾਂ ਵਿੱਚ ਸੰਤਰੇ ਦੇ ਰਸ ਦੀ ਮਿਠਾਸ ਘੁਲ ਗਈ ਸੀ।



Sri Satguru Jagjit Singh Ji eLibrary NamdhariElibrary@gmail.com

# ਹਾਕੀ ਟੀਮ ਨੂੰ ਆਸ਼ੀਰਵਾਦ



ਸਤਿਗੁਰੂ ਜੀ ਨੂੰ ਨਤਮਸਤਕ ਹੋਣ ਜਾ ਰਹੀ ਕਿਸ਼ੋਰ ਨਾਮਧਾਰੀ ਖਿਡਾਰੀਆਂ ਦੀ ਟੀਮ।

ਸ੍ਰੀ ਭੈਣੀ ਸਾਹਿਬ ਜੱਪ ਪ੍ਰਯੋਗ ਮੇਲੇ ਦੇ ਆਖਰੀ ਦਿਨ ੧੭ ਅਕਤੂਬਰ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਇਕ ਵੱਡਾ ਸਾਰਾ ਕੱਪ ਲਿਆ ਕੇ ਰੱਖਿਆ ਗਿਆ ਜਿਹੋ-ਜਿਹਾ ਕੋਈ ਖੇਡ ਦਾ ਟੂਰਨਾਮੈਂਟ ਜਿੱਤਣ ਤੇ ਹੁੰਦਾ ਹੈ। ਮੈਂ ਉਸ ਤੇ ਲਿਖਿਆ ਪੜਿਆ ਅੰਗਰੇਜ਼ੀ ਵਿਚ ਲਿਖਿਆ ਸੀ :—

Winnners 2nd Pardeep Mamorial All India Hockey Tournament Held at Sonepat From ੧੩ to ੧੫ Oct. ੧੯੯੯.

ਇਸ ਦਾ ਪੰਜਾਬੀ ਵਿਚ ਖੁੱਲਾ ਅਨੁਵਾਦ ਇਹ ਬਣਦਾ ਹੈ, "ਸੋਨੀਪਤ ਵਿਚ ੧੩ ਤੋਂ ੧੫ ਅਕਤੂਬਰ ੧੯੯੯ ਨੂੰ ਹੋਏ ਦੂਸਰੇ ਕੁਲ ਹਿੰਦ ਪਰਦੀਪ ਯਾਦਗਾਰੀ ਹਾਕੀ ਟੂਰਨਾਮੈਂਟ ਦੇ ਜੇਤੂ"

ਕੰਨੋ-ਕੰਨੀ ਦੱਸਿਆ ਗਿਆ ਕਿ ਛੋਟੇ ਬੱਚਿਆਂ ਦੀ ਹਾਕੀ ਟੀਮ ਨੇ ਇਹ ਕੱਪ ਜਿੱਤਿਆ ਹੈ। ਕਾਫੀ ਸਮੇਂ ਤੋਂ ਨਾਮਧਾਰੀ ਹਾਕੀ ਟੀਮ ਦੀਆਂ ਸਰਗਰਮੀਆਂ ਖਬਰਾਂ ਤੋਂ ਬਾਹਰੀਆਂ ਰਹੀਆਂ ਹਨ। ਫੇਰ ਖੇਡ ਅਕੈਡਮੀ ਬਨਣ ਦਾ ਸਮਾਚਾਰ ਆਇਆ ਤੇ ਪਤਾ ਲੱਗਾ ਕਿ ਨਵੇਂ ਸਿਰੇ ਤੋਂ ਹਾਕੀ ਦੀ ਪਨੀਰੀ ਤਿਆਰ ਕੀਤੀ ਜਾ ਰਹੀ ਹੈ। ਸਵੇਰ ਦੇ ਕੀਰਤਨ ਦੀ ਸਮਾਪਤੀ ਬਾਦ ਠਾਕਰ ਉਦੇ ਸਿੰਘ ਹੋਰਾਂ ਸੰਖੇਪ ਜਿਹੀ ਤਕਰੀਰ ਕੀਤੀ। ਉਹ ਘੱਟ ਬੋਲਦੇ ਤੇ ਤਕਰੀਰ ਤੋਂ ਪ੍ਰਹੇਜ਼ ਕਰਦੇ ਹਨ। ਅੱਜ ਵੀ ਉਹ ਸੰਖੇਪ ਬੋਲੇ ਪਰ ਬਹੁਤ ਭਾਵ ਪੂਰਤ ਸ਼ਬਦਾਂ ਵਿਚ। ਉਹਨਾਂ ਹਾਕੀ ਦੀ ਛੋਟੇ ਬੱਚਿਆਂ ਦੀ ਟੀਮ ਦੀ ਮੁੜ ਉਸਾਰੀ ਦੀ ਗੱਲ ਕੀਤੀ ਅਤੇ ਨਾਲ ਹੀ ਬੱਚਿਆਂ ਨੂੰ ਸਟੇਜ ਤੇ ਬੁਲਾਇਆ ਜੋ ਸੋਨੀਪਤ ਦਾ ਟੂਰਨਾਮੈਂਟ ਜਿੱਤ ਕੇ ਆਏ ਸਨ। ਇਹ ਕਿਸ਼ੋਰ ਯੁਵਕ ਖਿਡਾਰੀ ਇਕ ਅਨੁਸ਼ਾਸਨ ਵਿਚ ਸਟੇਜ ਤੇ ਇਕ ਪਾਸਿਓਂ ਕਤਾਰ ਵਿਚ ਆਏ ਤੇ ਸਤਿਗੁਰੂ ਜੀ ਨੂੰ ਮੱਥਾ ਟੇਕ ਉਹਨਾਂ ਦੀ ਆਸ਼ੀਰਵਾਦ ਤੇ ਖੁਸ਼ੀਆਂ ਪ੍ਰਾਪਤ ਕਰਦੇ ਰਹੇ। ਠਾਕਰ ਜੀ ਨੇ ਇਸ ਸਮੇਂ ਰਾਸ਼ਟਰੀ ਕੋਚ ਬਲਦੇਵ ਸਿੰਘ ਹੋਰਾਂ ਨੂੰ ਵੀ ਪੇਸ਼ ਕੀਤਾ। ਦੀਵਾਨ ਤੋਂ ਬਾਦ ਮੈਂ ਠਾਕਰ ਜੀ ਨੂੰ ਬੇਨਤੀ ਕੀਤੀ ਕਿ ਵਖਰਾ ਸਮਾਂ ਬਖਸ਼ੋ ਥੋੜ੍ਹੀ ਵਿਸਥਾਰ ਵਿਚ ਗਲ ਕਰੀਏ। ਠਾਕਰ ਜੀ ਮਾਣ ਬਖਸ਼ਦੇ ਹਨ ਕਹਿਣ ਲੱਗੇ ਤੁਸੀਂ ਸਾਥੋਂ ਵੱਧ ਜਾਣਦੇ ਹੋ ਤੇ ਇਸ ਤਰ੍ਹਾਂ ਭਰੇ ਮੇਲੇ ਵੱਖਰਾ ਵਕਤ ਲੈਣਾ ਮੁਸ਼ਕਲ ਤਾਂ ਹੈ ਹੀ ਸੀ।

ਛੇ ਦਿਨ ਬਾਦ ੨੩ ਅਕਤੂਬਰ ਦੀ ਅਜੀਤ ਅਖਬਾਰ ਵਿਚ ਚਾਰ ਕਾਲਮੀ ਲੇਖ ਨੁਮਾ ਖਬਰ ਛਪੀ ਜਿਸ ਦਾ ਵੱਡਾ ਸਿਰਲੇਖ ਸੀ

"ਨਾਮਧਾਰੀ ਬਾਬਿਆਂ ਦੀ ਹਾਕੀ ਮੁੜ ਸੁਰਜੀਤ ਹੋਣ ਲੱਗੀ" 'ਰਾਸ਼ਟਰੀ ਕੋਚ ਬਲਦੇਵ ਸਿੰਘ ਨੇ ਕਮਾਨ ਸੰਭਾਲੀ'

ਸ. ਜਗਰੂਪ ਸਿੰਘ ਜਰਖੜ ਦੀ ਲਿਖੀ ਇਹ ਰਿਪੋਰਟ ਵਿਚ ਸਾਰੀ ਗਾਥਾ ਨੂੰ ਬਹੁਤ ਸਪਸ਼ਟ ਰੂਪ ਵਿਚ ਦੱਸਿਆ ਗਿਆ ਹੈ। ਅਸੀਂ ਵਰਿਆਮ ਦੇ ਪਾਠਕਾਂ ਲਈ ਇਹ ਸਾਰੀ ਰਿਪੋਰਟ ਪ੍ਰਕਾਸ਼ਤ ਕਰ ਰਹੇ ਹਾਂ।



Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ ਬਾਬਿਆਂ ਦੀ ਹਾਕੀ ਮੁੜ ਸੁਰਜੀਤ ਹੋਣ ਲੱਗੀ

ਲੁਧਿਆਣਾ, ੨੨ ਅਕਤੂਬਰ (ਜਗਰੂਪ ਸਿੰਘ ਜਰਖੜ)– ਜਿਸ ਤਰ੍ਹਾਂ ਹਾਕੀ ਪ੍ਰੇਮੀਆਂ ਵੱਲੋਂ ਹਾਕੀ ਦੀ ਤਰੱਕੀ ਲਈ ਹੰਭਲੇ ਆਰੰਭੇ ਗਏ ਹਨ ਉਨ੍ਹਾਂ ਨੂੰ ਦੇਖ ਕੇ ਇੰਝ ਜਾਪਦਾ ਹੈ ਕਿ ਪੰਜਾਬ ਦੀ ਹਾਕੀ ਦੇ ਭਲੇ ਦਿਨ ਆਉਣ ਵਾਲੇ ਹਨ।

ਨਾਮਧਾਰੀ ਪੰਥ ਸਤਿਗੁਰੂ ਰਾਮ ਸਿੰਘ ਅਤੇ ਹੋਰ ਨਾਮਧਾਰੀ ਸਿੰਘਾਂ ਵੱਲੋਂ ਦੇਸ਼ ਦੀ ਆਜ਼ਾਦੀ ਖਾਤਰ ਕੀਤੀਆਂ ਅਥਾਹ ਕੁਰਬਾਨੀਆਂ ਕਰਕੇ ਪੂਰੇ ਵਿਸ਼ਵ ਵਿਚ ਪ੍ਰਸਿੱਧ ਹੈ ਪਰ ਇਕ ਦਹਾਕਾ ਪਹਿਲਾਂ ਖਾਸ ਕਰਕੇ ਅੱਜ ਦੀ ਨਵੀਂ ਪੀੜ੍ਹੀ ਵਿਚ ਨਾਮਧਾਰੀ ਪੰਥ ਆਪਣੇ ਚਿੱਟੇ ਬਾਣੇ ਅਤੇ ਹਾਕੀ ਟੀਮ ਕਰਕੇ ਬੜਾ ਚਰਚਿਤ ਸੀ। ਇਕ ਦਹਾਕਾ ਪਹਿਲਾਂ ਨਾਮਧਾਰੀ ਹਾਕੀ ਟੀਮ ਜੋ 'ਨਾਮਧਾਰੀ ਇਲੈਵਨ ਸਿਰਸਾ' ਵਜੋਂ ਜਾਣੀ ਜਾਂਦੀ ਸੀ ਹਿੰਦੋਸਤਾਨ ਦੀ ਹਾਕੀ ਵਿਚ ਪੂਰੀ ਤਰ੍ਹਾਂ ਛਾਈ ਰਹੀ। ਨਾਮਧਾਰੀ ਇਲੈਵਨ ਹਿੰਦਸਤਾਨ ਦੀਆਂ ਪਹਿਲੀਆਂ ਤਿੰਨ-ਚਾਰ ਰਾਸ਼ਟਰੀ ਟੀਮਾਂ ਵਿਚੋਂ ਇਕ ਸੀ। ਨਾਮਧਾਰੀ ਪੰਥ ਦੇ ਮੌਜੂਦਾ ਮੁਖੀ ਸਤਿਗੁਰੂ ਜਗਜੀਤ ਸਿੰਘ ਤੋਂ ਪ੍ਰੇਰਨਾ ਲੈ ਕੇ ਸੰਨ ੧੯੭੮-੭੯ ਵਿਚ ਹਾਕੀ ਖੇਡਣੀ ਸ਼ੁਰੂ ਕਰਕੇ ਰਾਸ਼ਟਰੀ ਕੋਚ ਬਲਦੇਵ ਸਿੰਘ ਦੀ ਕੋਚਿੰਗ ਅਧੀਨ ਨਾਮਧਾਰੀ ਇਲੈਵਨ ਨੇ ਸੰਨ ੧੯੮੦ ਵਿਚ ਭਾਰਤ ਦਾ ਪ੍ਰਮੁੱਖ ਟੂਰਨਾਮੈਂਟ ਜੂਨੀਅਰ ਨਹਿਰੂ ਹਾਕੀ ਕੱਪ ਦਿੱਲੀ ਦਾ ਖਿਤਾਬ ਜਿੱਤ ਕੇ ਹਾਕੀ ਦਾ ਆਪਣਾ ਸ਼ੁਭ ਆਰੰਭ ਕੀਤਾ ਸੀ। ਉਸ ਤੋਂ ਬਾਅਦ ਬਲਦੇਵ ਸਿੰਘ ਦੀ ਕੋਚਿੰਗ ਅਧੀਨ ਨਾਮਧਾਰੀ ਇਲੈਵਨ ਨੇ ਇਕ ਦਹਾਕਾ ਹਿੰਦੋਸਤਾਨ ਦਾ ਹਰ ਪ੍ਰਮੁੱਖ ਟੂਰਨਾਮੈਂਟ ਖੇਡਿਆ ਅਤੇ ਜਿੱਤਿਆ। ਇਸ ਤੋਂ ਇਲਾਵਾ ਵੱਖ-ਵੱਖ ਸਮਿਆਂ 'ਤੇ ਇੰਗਲੈਂਡ, ਸਪੇਨ, ਹਾਲੈਂਡ, ਕੈਨੇਡਾ, ਮਲੇਸ਼ੀਆ, ਜਰਮਨੀ, ਕੀਨੀਆ, ਤਨਜ਼ਾਨੀਆ, ਥਾਈਲੈਂਡ, ਅਰਜਨਟਾਈਨਾ, ਸਿੰਘਾਪੁਰ ਆਦਿ ਦੇਸ਼ਾਂ ਦੇ ਦੌਰੇ ਵੀ ਕੀਤੇ ਅਤੇ ਉਥੋਂ ਦੇ ਪ੍ਰਮੁੱਖ ਟੂਰਨਾਮੈਂਟ ਖੇਡ ਕੇ ਵਿਦੇਸ਼ਾਂ ਵਿਚ ਆਪਣੀ ਹਾਕੀ ਪ੍ਰਤਿਭਾ ਦਾ ਕਮਾਲ ਦਿਖਾਇਆ।



ਠਾਕਰ ਉਦੇ ਸਿੰਘ ਜੀ

੧੯੮੮-੮੯ ਵਿਚ ਜਦੋਂ ਭਾਰਤੀ ਹਾਕੀ ਟੀਮ ਮੰਦਹਾਲੀ ਦੇ ਦੌਰ ਵਿਚੋਂ ਗੁਜ਼ਰ ਰਹੀ ਸੀ ਤਾਂ ਉਸ ਸਮੇਂ ਨਾਮਧਾਰੀ ਇਲੈਵਨ ਨੇ ਇੰਗਲੈਂਡ ਤੇ ਸਪੇਨ ਦਾ ਵਿਦੇਸ਼ੀ ਟੂਰ ਲਾਇਆ। ਇੰਗਲੈਂਡ ਵਿਖੇ ਉਸ ਨੇ ਜਿੰਨੇ ਵੀ ਮੈਚ ਖੇਡੇ ਸਾਰੇ ਜਿੱਤੇ। ਇੰਗਲੈਂਡ ਉਸ ਸਮੇਂ ਅਜੇ ਨਵਾਂ-ਨਵਾਂ ਉਲੰਪਿਕ ਚੈਂਪੀਅਨ ਬਣਿਆ ਸੀ। ਇੰਗਲੈਂਡ ਦੀ ਇਕ ਪ੍ਰਮੁੱਖ ਕਲੱਬ ਜਿਸ ਵਿਚ ਉਲੰਪਿਕ ਚੈਂਪੀਅਨ ਸੀਨ ਕਰਲੀ, ਪੈਨਲਟੀ ਕਾਰਨਰ ਮਾਹਿਰ ਫੁਲਬੈਕ ਬਾਰਬਰ ਤੇ ਦੁਨੀਆ ਭਰ ਦਾ ਪ੍ਰਸਿੱਧ ਗੋਲ ਕੀਪਰ ਬਰਾਇਨ ਟੇਲਰ ਵਰਗੇ ਖਿਡਾਰੀ ਖੇਡ ਰਹੇ ਸਨ ਉਸ ਟੀਮ ਨੂੰ ੩-੨ ਨਾਲ ਹਰਾ ਕੇ ਤਹਿਲਕਾ ਮਚਾ ਦਿੱਤਾ ਸੀ। ਇਸੇ ਤਰ੍ਹਾਂ ੧੯੯੧ ਵਿਚ ਹਾਲੈਂਡ ਦੇ ਸੰਸਾਰ ਚੈਂਪੀਅਨ ਟੀਮ ਦੇ ਸਟਾਰ ਖਿਡਾਰੀਆਂ ਫਲੋਰਿਸ ਬੋਵਲੈਂਡਰ ਤੇ ਟੇਕੋ ਵਰਗਿਆਂ ਖਿਡਾਰੀਆਂ ਨੂੰ ਵੀ ਨਾਮਧਾਰੀਆਂ ਦੇ ਜਥੇ ਨੇ ਹਾਰ ਸਵਾਦ ਚਖਾਇਆ। ਗੱਲ ਕੀ ਨਾਮਧਾਰੀ ਹਾਕੀ ਇਲੈਵਨ ਨੇ ਉਸ ਸਮੇਂ ਦੇਸ਼-ਵਿਦੇਸ਼ ਵਿਚ ਆਪਣਾ ਹਾਕੀ ਦਾ ਸਿੱਕਾ ਜਮਾਇਆ। ਉਲੰਪੀਅਨ ਦੀਦਾਰ ਸਿੰਘ, ਗੁਰਨਾਮ ਸਿੰਘ, ਉਲੰਪੀਅਨ ਸੰਜੀਵ ਕੁਮਾਰ, ਬੱਗਾ ਸਿੰਘ, ਬਲਵਿੰਦਰ ਸਿੰਘ, ਸੁਖਵਿੰਦਰ ਸਿੰਘ ਛੀਨਾ, ਗੋਲਕੀਪਰ ਸਿੱਦੂ, ਹਰਮਿੰਦਰਪਾਲ ਸਿੰਘ ਆਦਿ ਉਸ ਸਮੇਂ ਨਾਮਧਾਰੀ ਟੀਮ ਵਿਚ ਬੜੇ ਚਰਚਿਤ ਖਿਡਾਰੀ ਸਨ। ਇਕ ਦਹਾਕਾ ਹਾਕੀ ਪ੍ਰੇਮੀਆਂ ਤੇ ਖਿਡਾਰੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੀ ਇਹ ਨਾਮਧਾਰੀ ਇਲੈਵਨ ਪ੍ਰਬੰਧਕਾਂ ਦੀਆਂ ਕੁਝ ਉਕਾਈਆਂ ਕਾਰਨ ਹਿੰਦੋਸਤਾਨ ਦੀ ਹਾਕੀ ਵਿਚੋਂ ਨਾਮਧਾਰੀ ਹਾਕੀ ਦੀ ਸਾਖ ਹੀ ਖਤਮ ਹੋ ਗਈ।

ਪਰ ਹੁਣ ਨਾਮਧਾਰੀ ਬਾਬਿਆਂ ਨੇ ਆਪਣੇ ਹਾਕੀ ਦੇ ਬੁਰੇ ਦਿਨਾਂ ਨੂੰ ਭੁਲਦਿਆਂ ਪ੍ਰਬੰਧਕਾਂ ਨੇ ਬਹੁਤ ਹੀ ਡੂੰਘੀ ਸੋਚ ਤੋਂ ਬਾਅਦ ਇਕ ਨੀਤੀ ਤਹਿਤ ਨਵੇਂ ਸਿਰੇ ਤੋਂ ਆਪਣੀ ਹਾਕੀ ਦਾ ਤਾਣਾ-ਬਾਣਾ ਸੁਲਝਾਉਣਾ ਸ਼ੁਰੂ ਕੀਤਾ ਹੈ। ਪ੍ਰਬੰਧਕਾਂ ਨੇ ਇਕ ਨੀਤੀ ਬਣਾਈ ਹੈ ਕਿ ਹੁਣ ਨਾਮਧਾਰੀ ਅਕੈਡਮੀ ਦੇ ਖਿਡਾਰੀਆਂ ਨੂੰ ਭਾਰਤ ਹਾਕੀ ਦੀ ਪ੍ਰਤੀਨਿਧਤਾ, ਉਨ੍ਹਾਂ ਦੇ ਰੋਜ਼ਗਾਰ, ਅਨੁਸ਼ਾਸਨ, ਖਾਣ-ਪੀਣ, ਰਿਹਾਇਸ਼ ਤੇ ਹੋਰ ਸਭ ਸਹੂਲਤਾਂ ਉਪਲਬਧ ਹੋਣਗੀਆਂ। ਸਭ ਝਗੜੇ ਝਮੇਲਿਆਂ 'ਤੇ ਗੱਲਬਾਤ ਮੁਕਾ ਕੇ ਤੇ ਡੂੰਘੀਆਂ ਵਿਚਾਰਾਂ ਕਰਕੇ ਨਵੀਂ ਉੱਠ ਰਹੀ ਹਾਕੀ ਦਾ ਜ਼ਿੰਮਾ ਰਾਸ਼ਟਰੀ ਕੋਚ ਬਲਦੇਵ ਸਿੰਘ (ਹਰਿਆਣਾ) ਤੇ ਕੋਚ ਹੀਰਾ ਨੂੰ ਸੌਂਪਿਆ ਹੈ। ਇਸ ਸਮੇਂ ਨਾਮਧਾਰੀ ਅਕੈਡਮੀ ਵਿਚ ੮੦ ਦੇ ਲਗਪਗ ਬੱਚਿਆਂ ਨੂੰ ਭਰਤੀ ਕੀਤਾ ਹੈ ਜਿਸ ਵਿਚ ਪੰਜਾਬ ਵਿਚ ਹਾਕੀ ਦੀ ਚੰਗੀ ਉੱਠ ਰਹੀ ਪਨੀਰੀ ਅਰਥਾਤ ਬਾਹਰਲੇ ਚੰਗੇ ਬੱਚਿਆਂ ਨੂੰ ਲਿਆ ਗਿਆ



Sri Satguru Jagjit Singh Ji eLibrary NamdhariElibrary@gmail.com

ਹੈ। ਪਿਛਲੇ ਦੋ ਮਹੀਨਿਆਂ ਤੋਂ ਹਾਕੀ ਦੀ ਤਿਆਰੀ ਸ਼ੁਰੂ ਹੈ। ਰਾਸ਼ਟਰੀ ਕੋਚ ਬਲਦੇਵ ਸਿੰਘ ਜੋ ਸ਼ਾਹਬਾਦ ਮਾਰਕੰਡਾ ਵਿਖੇ ਹਰਿਆਣਾ ਹਾਕੀ ਦਾ ਕੁੜੀਆਂ ਦਾ ਸੈਂਟਰ ਚਲਾ ਰਹੇ ਹਨ, ਉਹ ਹਫਤੇ ਵਿਚ ਲਗਪਗ ਦੋ ਜਾਂ ਤਿੰਨ ਦਿਨ ਨਾਮਧਾਰੀ ਅਕੈਡਮੀ ਦੇ ਬੱਚਿਆਂ ਨੂੰ ਆਪਣੀ ਕੋਚਿੰਗ ਤੇ ਆਧੁਨਿਕ ਹਾਕੀ ਦੀ ਤਕਨੀਕ ਤੇ ਹੋਰ ਪ੍ਰੈਕਟਿਸ ਕਰਵਾਉਂਦੇ ਹਨ। ਦੋ ਮਹੀਨਿਆਂ ਦੀ ਤਿਆਰੀ ਬਾਅਦ ਨਾਮਧਾਰੀ ਅਕੈਡਮੀ ਨੇ ਅੰਡਰ-੧੪ ਵਰਗ ਵਿਚ ਜ਼ਿਲ੍ਹਾ ਭਰ ਵਿਚ ਪਹਿਲਾ ਸਥਾਨ ਅਤੇ ਸੋਨੀਪਤ ਵਿਖੇ ਇਕ ਰਾਸ਼ਟਰੀ ਪੱਧਰ ਦੇ ਜੂਨੀਅਰ ਟੂਰਨਾਮੈਂਟ ਵਿਚ ਜੂਨੀਅਰ ਅਕੈਡਮੀ ਦਿੱਲੀ ਅਤੇ ਹੋਰ ਇਨਾਮੀ ਟੀਮ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕਰਕੇ ਵਿਰੋਧੀ ਟੀਮਾਂ ਨੂੰ ਪਹਿਲੀ ਵੰਗਾਰ ਦੇ ਦਿੱਤੀ ਹੈ ਅਤੇ ਹੁਣ ਇਸ ਅਕੈਡਮੀ ਨੇ ਜੂਨੀਅਰ ਨਹਿਰੂ ਹਾਕੀ ਟੂਰਨਾਮੈਂਟ ਦਿੱਲੀ ਜਿੱਤਣ ਦੀ ਤਿਆਰੀ ਲਈ ਆਪਣੇ ਕਮਰਕੱਸੇ ਕਰ ਲਏ ਹਨ। ਪ੍ਰਮਾਤਮਾ ਨਾਮਧਾਰੀਆਂ ਦੀ ਹਾਕੀ ਨੂੰ ਬਲ ਬਖਸ਼ੇ ਤੇ ਮੂੰਹ 'ਚ ਘਿਓ ਸ਼ੱਕਰ ਪਾਵੇ। ਹੋ ਸਕਦਾ ਹੈ ਇਸ ਨਾਲ ਹੀ ਭਾਰਤੀ ਹਾਕੀ ਦਾ ਸੁਨਿਹਰੀ ਭਵਿੱਖ ਪਰਤ ਆਵੇ।

## ਕੇਹਰ ਸਿੰਘ ਹਮਰਾਹੀ ਦਾ ਸਨਮਾਨ

ਮਿਤੀ ੧੬ ਅਕਤੂਬਰ ੧੯੯੯ ਨੂੰ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਵੱਲੋਂ ਆਪਣੇ ਪੁਰਾਣੇ ਰੁਕਨ ਸ: ਕੇਹਰ ਸਿੰਘ ਹਮਰਾਹੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਪ੍ਰੋ: ਕਿਰਪਾਲ ਸਿੰਘ ਕਸੇਲ, ਸ: ਪ੍ਰੀਤਮ ਸਿੰਘ ਕਵੀ, ਸ: ਜਗਦੀਸ਼ ਸਿੰਘ ਸੰਪਾਦਕ ਵਰਿਆਮ, ਮਾਸਟਰ ਅਮਰੀਕ ਸਿੰਘ, ਸਾਧੂ ਸਿੰਘ ਕਿਸਾਨ, ਜੁਗਿੰਦਰ ਸਿੰਘ ਮੁਕਤਾ, ਗੁਰਦਿਆਲ ਸਿੰਘ ਪ੍ਰੀਤ, ਲਖਵਿੰਦਰ ਸਿੰਘ ਬਾਜਵਾ, ਪੂਰਨ ਸਿੰਘ ਨਿਰਲਾ, ਜਸਵਿੰਦਰ ਭਿੰਡਰ, ਸਵਰਨ ਸਿੰਘ ਚੀਮਾ ਅਤੇ ਹੋਰ ਸਾਹਿਤ ਪ੍ਰੇਮੀ ਹਾਜ਼ਰ ਸਨ। ਹਮਰਾਹੀ ਜੀ ਨੂੰ ਸ਼ਾਲ ਮੋਮੈਂਟੋ, ਮਾਇਆ ਭੇਟ ਕਰਕੇ ਸਤਿਕਾਰਤ ਕੀਤਾ ਗਿਆ। ਇਸ ਮੌਕੇ ਤੇ ਸਭ ਨੇ ਹਮਰਾਹੀ ਜੀ ਨੂੰ ਵਧਾਈਆਂ ਦਿੱਤੀਆਂ। ਹਮਰਾਹੀ ਜੀ ਨੇ ਇਸ ਸਨਮਾਨ ਤੇ ਸਭਾ ਦਾ ਧੰਨਵਾਦ ਕੀਤਾ। ਇਸ ਅਵਸਰ ਤੇ ਮਾਸਟਰ ਅਮਰੀਕ ਸਿੰਘ ਵੱਲੋਂ ਪਰਗਟ ਕੀਤੇ ਸ਼ਬਦ ਹੇਠ ਲਿਖੇ ਅਨੁਸਾਰ ਹਨ:-



ਨਾਮਧਾਰੀ ਪੰਜਾਬੀ ਸਾਹਿਤ ਸਭਾ ਵੱਲੋਂ ਸ. ਕੇਹਰ ਸਿੰਘ ਹਮਰਾਹੀ ਨੂੰ ਸਨਮਾਨਿਤ ਕੀਤਾ ਗਿਆ। ਸ. ਪ੍ਰੀਤਮ ਸਿੰਘ ਕਵੀ, ਪ੍ਰੋ. ਕਿਰਪਾਲ ਸਿੰਘ ਕਸੇਲ ਅਤੇ ਸਭਾ ਦੇ ਮੈਂਬਰ ਸਨਮਾਨ ਅਵਸਰ 'ਤੇ ਪਰਸੰਨ ਮੁਦਰਾ ਵਿਚ।

ਸਵਰਗਵਾਸੀ ਸ: ਕਰਨੈਲ ਸਿੰਘ ਜੀ ਸੰਤ ਨਗਰ (ਸਿਰਸਾ) ਵਾਲਿਆਂ ਦੇ ਪੰਜਾਂ ਪੁੱਤਰਾਂ ਵਿਚੋਂ ਵਿਚਕਾਰਲੇ ਪੁੱਤਰ, ਸੰਤ ਤਰਨ ਸਿੰਘ ਵਹਿਮੀ ਜੋ ਦੇ ਬਹੁਤ ਪਿਆਰੇ ਸ਼ਿਸ਼ ਅਤੇ ਸ: ਪ੍ਰੀਤਮ ਸਿੰਘ ਕਵੀ ਜੀ ਦੇ ਤੀਜੇ ਦਾਮਾਦ ਅਤੇ ਹਰ ਵਕਤ ਹੱਸਦੇ ਰਹਿਣ ਵਾਲੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ (ਸਿਰਸਾ) ਦੇ ਪੁਰਾਣੇ ਅਤੇ ਮੋਢੀ, ਸਰਗਰਮ ਰੁਕਨ-ਸ: ਕੇਹਰ ਸਿੰਘ 'ਹਮਰਾਹੀ'-ਜੋ ਪਹਿਲਾਂ ਆਪਣੇ ਨਾਂਅ ਨਾਲ ਕੇਹਰ ਸਿੰਘ 'ਕੇਹਰ' ਲਾਉਂਦੇ ਰਹੇ.... ਤੇ ਪਤਾ ਨਹੀਂ ਕਦੋਂ 'ਹਮਰਾਹੀ' ਬਣ ਗਏ। ਨਾਮਧਾਰੀ ਸਾਹਿਤ ਸਭਾ ਦੇ ਇਸ ਮੁੱਢਲੇ ਸਰਗਰਮ ਮੈਂਬਰ ਨੇ ਅੱਛੀ ਜ਼ਿੰਦਗੀ ਜਿਊਣ ਲਈ ਲਗਾਤਾਰ ਕਈ ਦਹਾਕੇ ਭਰਪੂਰ ਸੰਘਰਸ਼ ਕੀਤਾ। ਏਸੇ ਸੰਘਰਸ਼ ਦੇ ਥਪੇੜੇ ਸਹਿੰਦੇ ਸਹਿੰਦੇ ਭੂੰਤਰ (ਹਿਮਾਚਲ) ਜਾ ਡੇਰਾ ਲਾਇਆ। ਪਹਿਲਾਂ ਸਾਈਕਲਾਂ ਦਾ ਕੰਮ, ਫੇਰ 'ਹਮਰਾਹੀ ਇਲੈਕਟਰਾਨਿਕਸ' ਦੇ ਨਾਂਅ ਨਾਲ ਚੰਗਾ ਬਿਜ਼ਨਸ ਸਥਾਪਤ ਕਰ ਲਿਆ। ਵਪਾਰ ਦੇ ਨਾਲ-ਨਾਲ ਸਿਆਸੀ ਤੌਰ ਤੇ ਵੀ ਹਿਮਾਚਲ ਸਰਕਾਰ ਦੇ ਰਾਜਨੀਤਕ ਨੇਤਾਵਾਂ ਨਾਲ ਚੰਗੇ ਸੰਬੰਧ ਕਾਇਮ ਕਰ ਲਏ। ਆਪਣਾ ਮਕਾਨ, ਆਪਣੀ ਦੁਕਾਨ, ਪੂਰੀ ਸਮਰਿਧੀ ਸਥਾਪਤ ਕਰ ਲਈ।

ਪਰ ਸੰਨ ੮੪ ਦੇ ਦੰਗਿਆਂ ਨੇ ਜਿਥੇ ਹਮਰਾਹੀ ਜੀ ਦਾ ਕਾਰੋਬਾਰ ਖਤਮ ਕਰ ਦਿੱਤਾ, ਉਥੇ ਸਰੀਰਕ ਤੌਰ ਤੇ ਬਹੁਤ ਕਮਜ਼ੋਰ ਵੀ ਕਰ ਦਿੱਤਾ। ਭੂੰਤਰ ਤੋਂ ਉਜੜਕੇ ਮੋਹਾਲੀ ਆ ਕੇ ਆਪਣੇ ਆਪ ਨੂੰ ਮੁੜ ਸਥਾਪਤ ਹੋਣ ਲਈ ਹਮਰਾਹੀ ਜੀ ਨੇ ਬਹੁਤ ਹੱਥ ਪੈਰ ਮਾਰੇ, ਪਰ ਸਰੀਰਕ ਨਿਰਬਲਤਾ ਤੇ ਬਿਮਾਰੀ ਨੇ ਉਨ੍ਹਾਂ ਦੀ ਕੋਈ ਵਾਹ-ਪੇਸ਼ ਨਾ ਜਾਣ ਦਿੱਤੀ। ਏਸੇ ਸਮੇਂ ਦੌਰਾਨ ਹੀ ਉਨ੍ਹਾਂ ਦੀ ਪਿਆਰੀ ਧੀ ਸਤਨਾਮ ਵੀ ਬਿਮਾਰ ਹੋ ਗਈ, ਜਿਹੜੀ ਕਿ ਅੱਜ ਤੱਕ ਠੀਕ ਨਹੀਂ ਹੋਈ। ਸ. ਕੇਹਰ ਸਿੰਘ ਹਮਰਾਹੀ ਦੀ ਧਰਮ-ਪਤਨੀ ਬੀਬੀ ਕੁਲਵੰਤ ਨੇ ਇਹਨਾਂ ਦੋਹਾਂ ਪਤੀ ਅਤੇ ਪੁੱਤਰੀ-ਬੀਮਾਰਾਂ ਨੂੰ ਬਚਾਉਣ ਲਈ ਪਿਛਲੇ ਦਸਾਂ



Sri Satguru Jagjit Singh Ji eLibrary NamdhariElibrary@gmail.com

ਸਾਲਾਂ ਵਿਚ ਕਿਹੜੀ ਥਾਂ ਹੈ, ਜਿਥੇ ਨਹੀਂ ਲੈ ਕੇ ਗਈ...... ਪਰ ਕਿਤੋਂ ਵੀ ਖੈਰ ਨਹੀਂ ਪਈ। ਆਖਰ ਨਿਥਾਵਿਆਂ ਦੇ ਥਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਪਰਿਵਾਰ ਨੂੰ ਆਪਣੇ ਚਰਨਾਂ ਵਿਚ ਲੈ ਆਂਦਾ ਤੇ ਹਰ ਸਹੂਲਤ ਬਖਸ਼ੀ। ਅੱਜ ਵੀ ਸਤਿਗੁਰੂ ਜੀ ਇਨ੍ਹਾਂ ਦੀ ਹਰ ਲੋੜ ਨੂੰ ਧਿਆਨ ਵਿਚ ਰੱਖਦੇ ਹਨ ਅਤੇ ਦੋਹਾਂ ਬੀਮਾਰਾਂ ਨੂੰ ਬਚਾਉਣ ਦਾ ਹਰ ਹੀਲੇ ਜਤਨ ਜਾਰੀ ਰੱਖ ਰਹੇ ਹਨ।

ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਨੇ ਆਪਣੇ ਪਿਆਰੇ ਤੇ ਪੁਰਾਣੇ ਸਾਥੀ ਸ: ਕੇਹਰ ਸਿੰਘ ਹਮਰਾਹੀ ਨੂੰ ਸਨਮਾਨਿਤ ਕੀਤਾ ਹੈ ਅਤੇ ਖੁਸ਼ੀ ਮਹਿਸੂਸ ਕੀਤੀ ਹੈ। ਉਨ੍ਹਾਂ ਦੀ ਸਿਹਤਯਾਬੀ ਲਈ ਦੁਆ ਵੀ ਕੀਤੀ ਹੈ। ਸਭਾ ਵੱਲੋਂ ਛਪੀ ਪਹਿਲੀ ਪੁਸਤਕ "ਪਹਿਲਾ ਉਭਾਰ" ਵਿਚ ਕੇਹਰ ਸਿੰਘ ਹਮਰਾਹੀ ਦੀਆਂ ਛਪੀਆਂ ਰਚਨਾਵਾਂ ਕਾਫੀ ਸਲਾਹੀਆਂ ਗਈਆਂ ਸਨ। ਪ੍ਰਮਾਤਮਾ ਕਰੇ ਇਹ ਜਲਦੀ ਠੀਕ ਹੋ ਜਾਣ ਅਤੇ ਫੇਰ ਜੋਸ਼ੀਲੀਆਂ ਕਵਿਤਾਵਾਂ ਲਿਖਣ ਅਤੇ ਪੜ੍ਹਨ।

ਨਾਮਧਾਰੀ ਪੰਜਾਬੀ ਸਾਹਿਤ ਸਭਾ ਹਮਰਾਹੀ ਜੀ ਦੀ ਬਹਾਦਰ ਅਤੇ ਦ੍ਰਿੜ ਵਿਸ਼ਵਾਸ਼ ਰੱਖਣ ਵਾਲੀ ਪਤਨੀ ਬੀਬੀ ਕੁਲਵੰਤ ਦਾ ਵੀ ਦਿਲੋਂ ਸਨਮਾਨ ਕਰਦੀ ਹੈ, ਜਿਹੜੀ ਕਿ ਆਪਣੇ ਬਿਮਾਰ ਟੱਬਰ ਦੀ ਬੜੇ ਲੰਬੇ ਸਮੇਂ ਤੋਂ ਰਾਤ-ਦਿਨ ਸੇਵਾ ਵਿਚ ਜੁਟੀ ਹੋਈ ਹੈ। ਅਸੀਂ ਬੀਬੀ ਕੁਲਵੰਤ ਨੂੰ ਬੀਬੀ ਰਜਨੀ ਦੇ ਤੁੱਲ ਸਮਝਦੇ ਹਾਂ।

## ਸ਼ਹੀਦੀ ਮੇਲਾ ਅੰਮ੍ਰਿਤਸਰ

### ਅਤੇ ਸੰਤ ਦਲੀਪ ਸਿੰਘ ਪੰਨਵ ਪਰਿਵਾਰ

ਅੰਗਰੇਜ਼ ਨੇ ਜਦ ਹਿੰਦੋਸਤਾਨ ਤੇ ਕਬਜ਼ਾ ਕੀਤਾ ਤਾਂ ਆਪਣੀਆਂ ਜੜ੍ਹਾਂ ਪਕਿਆਂ ਕਰਨ ਹਿੰਦੂਆਂ ਤੇ ਮੁਸਲਮਾਨਾਂ ਵਿਚ ਨਫਰਤ ਦਾ ਬੀਜ ਬੀਜਣ ਲਈ ਥਾਂ-ਥਾਂ ਬੂਚੜਖਾਨੇ ਖੋਲ ਦਿੱਤੇ। ਅੰਮ੍ਰਿਤਸਰ ਸਿੱਖਾਂ ਤੇ ਹਿੰਦੂਆਂ ਲਈ ਇਹ ਬੜਾ ਪਾਕ ਪਵਿੱਤਰ ਤੇ ਮੁਤਬਰਕ ਸ਼ਹਿਰ ਹੈ। ਜਿਥੇ ਹਰੀ ਮੰਦਰ ਰਾਮ ਦਾਸ ਸਰੋਵਰ ਵਿਚ ਸ਼ੋਭਾ ਪਾ ਰਿਹਾ ਹੈ। ਲੱਖਾਂ ਲੋਕੀਂ ਇਸ ਸਰੋਵਰ ਵਿਚ ਇਸ਼ਨਾਨ ਕਰਕੇ ਸ਼ਾਂਤੀ ਪ੍ਰਾਪਤ ਕਰਦੇ ਹਨ। ਅੰਗਰੇਜ਼ ਦੇ ਕਾਬਜ਼ ਹੁੰਦਿਆਂ ਹੀ ਹਰੀ ਮੰਦਰ ਦੇ ਕੋਲ ਜਿਥੇ ਅਜ ਕਲ ਘੰਟਾ ਘਰ ਹੈ ਬੁਚੜਖਾਨਾ ਖੋਲ ਦਿੱਤਾ। ਸਰੋਵਰ ਵਿਚ ਕਾਂ ਇੱਲਾਂ ਤੇ ਗਿਰਜਾਂ ਮਾਸ ਦੀਆਂ ਬੋਟੀਆਂ ਚੁੱਕ ਕੇ ਰਾਮਸਰ ਵਿਚ ਸੁੱਟਦੇ ਸਨ। ਇਸ ਘੋਰ ਬੇਅਦਬੀ ਨੂੰ ਸਿੱਖ ਬ੍ਰਦਾਸ਼ਤ ਨਾ ਕਰ ਸਕੇ। ਨਾਮਧਾਰੀ ਸਿੰਘਾਂ ਇਸ ਬੇਅਦਬੀ ਨੂੰ ਖਤਮ ਕਰਨ ਲਈ ਗਊ ਕਾਤਲਾਂ ਨੂੰ ਮੌਤ ਦੇ ਘਾਟ ਉਤਾਰਿਆ। ਇਸ ਸਿੱਟੇ ਵਜੋਂ ਚਾਰ ਨਾਮਧਾਰੀ ਨੂੰ ਸ਼ਰੇਆਮ ਫਾਂਸੀ ਦੇ ਕੇ ਸ਼ਹੀਦ ਕੀਤਾ। ਇਨ੍ਹਾਂ ਬਹਾਦਰ ਸਿੰਘਾਂ ਸ਼ਹੀਦਾਂ ਦੀ ਯਾਦ ਵਿਚ ਭਾਰੀ ਮੇਲਾ ਲੱਗਦਾ ਹੈ। ਅੱਜ ਤੋਂ ਗਿਆਰਾਂ ਸਾਲ ਪਹਿਲਾਂ ਸ਼ਹੀਦ ਸੰਤ ਲਹਿਣਾ ਸਿੰਘ ਦੇ ਵੰਸ਼ਜ ਸੰਤ ਦਲੀਪ ਸਿੰਘ ਜੀ ਨੇ ਇਹ ਸੋਚਿਆ ਕਿ ਸਾਨੂੰ ਆਪਣੇ ਬਜ਼ੁਰਗਾਂ ਦੀ ਯਾਦ ਵਿਚ ਆਪਣੇ ਵੱਲੋਂ ਮੇਲਾ ਕਰਨਾ ਚਾਹੀਦਾ ਹੈ। ਇਸ ਦੀ ਪਰਵਾਨਗੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਮਿਲ ਗਈ। ਸੋ ਸੰਤ ਦਲੀਪ ਸਿੰਘ ਤੇ ਉਨ੍ਹਾਂ ਦਾ ਪਰਿਵਾਰ ਬੜੀ ਸ਼ਰਧਾ ਭਾਵਨਾਂ ਨਾਲ ਸਾਰੇ ਮੇਲੇ ਦਾ ਪ੍ਰਬੰਧ ਤੇ ਖਰਚ ਕਰਦਾ ਹੈ। ਸੰਤ ਜੀ ਦੇ ਚਾਰੇ ਸਪੁਤਰ ਇਕ ਦੂਜੇ ਤੋਂ ਵੱਧ ਉਤਸ਼ਾਹ ਦਿਖਾਂਦੇ ਹਨ। ਮੈਂ ਉਨ੍ਹਾਂ ਦਾ ਇੰਟਰਵਿਉ ਲਿਆ–

? ਜਸਬੀਰ ਸਿੰਘ ਜੀ, ਤੁਸੀਂ ਇਸ ਮੇਲੇ ਤੇ ਖਰਚ ਕਰਕੇ ਕੀ ਮਹਿਸੂਸ ਕਰਦੇ ਹੋ?

– ਅਸੀਂ ਮੇਲਾ ਕਰਕੇ ਬੜਾ ਆਨੰਦ ਮਹਿਸੂਸ ਕਰਦੇ ਹਾਂ। ਸਾਨੂੰ ਇੰਞ ਲੱਗਦਾ ਹੈ ਜਿਵੇਂ ਸ਼ਹੀਦ ਸਿੰਘਾਂ ਦੀਆਂ ਆਤਮਾਵਾਂ ਸਾਨੂੰ ਸਿੱਖੀ ਵੱਲ ਪ੍ਰੇਰਦੀਆਂ ਹਨ।

? ਹਰ ਸਾਲ ਖਰਚ ਕਰਕੇ ਆਪ ਆਪਣੀ ਆਰਥਿਕ ਦਸ਼ਾ ਕਮਜ਼ੋਰ ਹੋਈ ਤਾਂ ਨਹੀਂ ਮਹਿਸੂਸ ਕਰਦੇ?

–ਅਸੀਂ ਸਗੋਂ ਆਰਥਿਕ ਪੱਖੋਂ ਮਜ਼ਬੂਤ ਹੋ ਰਹੇ ਹਾਂ।

? ਤੁਸੀਂ ਸੰਤ ਦਲੀਪ ਸਿੰਘ ਦੇ ਇਸ ਕਾਰਜ ਨੂੰ ਕਿੰਨਾ ਚਿਰ ਚਲਾਓਗੇ?

– ਜਿੰਨਾ ਚਿਰ ਸਤਿਗੁਰੂ ਜਗਜੀਤ ਸਿੰਘ ਕ੍ਰਿਪਾ ਕਰਨਗੇ। ਭਾਵੇਂ ਸਾਡੇ ਘਰ ਬਾਰ ਵਿਕ ਜਾਣ ਅਸੀਂ ਇਹ ਕਾਰਜ ਕਰਦੇ ਰਹਾਂਗੇ।

? ਤੁਹਾਡੀ ਕੋਈ ਹੋਰ ਇਛਿਆ?

– ਸਾਡੀ ਇਹ ਸੱਧਰ ਹੈ ਕਿ ਜੋ ਕੰਮ ਸਾਡੇ ਪਿਤਾ ਜੀ ਅਧੂਰੇ ਛੱਡ ਗਏ ਹਨ, ਉਨ੍ਹਾਂ ਨੂੰ ਖੁਸ਼ੀ-ਖੁਸ਼ੀ ਪੂਰਾ ਕਰ ਸਕੀਏ। ਸਤਿਗੁਰੂ ਜੀ ਸ਼ਕਤੀ ਪ੍ਰਧਾਨ ਕਰਨ ਤੇ ਅਸੀਂ ਲਗਨ ਉਤਸ਼ਾਹ ਨਾਲ ਇਹ ਮਨਾਂਦੇ ਰਹੀਏ।

## ਇਸ ਵਾਰ ਦਾ ਮੇਲਾ

੧੫ ਸਤੰਬਰ ਨੂੰ ਮੇਲਾ ਸ਼ਹੀਦਾਂ ਦੇ ਅਸਥਾਨ ਰਾਮਬਾਗ ਕੋਲ ਮਨਾਇਆ ਗਿਆ। ਜਿਸ ਵਿਚ ਹੇਠ ਲਿਖੇ ਪ੍ਰਚਾਰਕ ਤੇ ਜਥੇਦਾਰਾਂ ਦਰਸ਼ਨ ਦਿੱਤੇ। ਜ: ਰਾਗੀ ਹਰਬੰਸ ਸਿੰਘ, ਜ: ਗੁਰਦੀਪ ਸਿੰਘ, ਸੂਬਾ ਸੇਵਾ ਸਿੰਘ ਜੀ, ਬਾਬਾ ਛਿੰਦਾ ਜੀ, ਜ: ਸੇਵਾ ਸਿੰਘ ਦਿੱਲੀ, ਸਵਰਨ ਸਿੰਘ ਕਵੀਸ਼ਰ ਵਲਟੋਹਾ, ਸ. ਨਿਸ਼ਾਨ ਸਿੰਘ, ਪ੍ਰਿੰ: ਅਜੀਤ ਸਿੰਘ ਚੀਮਾ। ਸ: ਭਰਪੂਰ ਸਿੰਘ ਬਲਬੀਰ ਜੀ ਵੀ ਸ਼ਰਧਾ ਭੇਟ ਕਰਨ ਲਈ ਆਏ। ਇਸ ਤੋਂ ਇਲਾਵਾ ਸ: ਜਸਬੀਰ ਸਿੰਘ ਸਾਬਕਾ ਮਨਿਸਟਰ, ਮੈਨੇਜਰ ਹਰਮੰਦਰ ਸਾਹਿਬ ਤੇ ਉਨ੍ਹਾਂ ਦੇ ਸਾਥੀ ਵੀ ਆਏ। ਇਹ ਮੇਲਾ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਹੋਇਆ।



Sri Satguru Jagjit Singh Ji eLibrary NamdhariElibrary@gmail.com

**ਇਕ ਚਮਤਕਾਰ:-**

ਅੱਜ ਤੋਂ ੨੦ ਸਾਲ ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤ ਦਲੀਪ ਸਿੰਘ ਨੂੰ ਦਰਸ਼ਨ ਦੇ ਕੇ ਕਿਹਾ ਕਿ ਤਿਆਰੀ ਕਰ ਮੈਂ ਤੈਨੂੰ ਲੈਣ ਲਈ ਆਇਆ ਹਾਂ। ਸੰਤ ਦਲੀਪ ਸਿੰਘ ਅਰਜ਼ ਕੀਤੀ ਪਾਤਸ਼ਾਹ, "ਮੈਂ ਅਜ ਕਈ ਪੰਥਕ ਕੰਮ ਕਰਨੇ ਹਨ। ਅਜੇ ਸੇਵਾ ਕਰਨੀ ਹੈ। ਕ੍ਰਿਪਾ ਕਰਕੇ ਵੀਹ ਸਾਲ ਜ਼ਿੰਦਗੀ ਹੋਰ ਬਖਸ਼ੋ"! ਸਤਿਗੁਰੂ ਜੀ ਹੱਸ ਕੇ ਕਿਹਾ, ਚੰਗਾ ਫਿਰ ੨੦ ਸਾਲ ਤੈਨੂੰ ਹੋਰ ਜ਼ਿੰਦਗੀ ਦਿੱਤੀ ਪਰ ਖਾਸ ਖਿਆਲ ਰੱਖਣਾ, ਪੰਥਕ ਸੇਵਾ ਕਰਨੀ। ਮੈਂ ਵੀਹ ਸਾਲ ਬਾਦ ਤੈਨੂੰ ਲੈਣ ਆਵਾਂਗਾ। ਪੂਰੇ ਵੀਹ ਸਾਲ ਬਾਦ ਉਸ ਮਹੀਨੇ ਉਸੇ ਦਿਨ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਤ ਦਲੀਪ ਸਿੰਘ ਜੀ ਨੂੰ ਬੈਕੁੰਠ ਵਿਚ ਨਾਲ ਲੈ ਗਏ। "ਮਰਨੇ ਵਾਲੇ ਐਸਾ ਮਰ, ਜੀਨੇ ਵਾਲੇ ਐਸਾ ਜੀਅ, ਕੇ ਸਬਕ ਦੇ ਜਾਏ ਤੇਰੀ ਮੌਤ ਭੀ ਜ਼ਿੰਦਗੀ ਭੀ"

**ਅਜੀਤ ਸਿੰਘ ਚੀਮਾ**, ਸਾਬਕਾ ਪ੍ਰਿੰਸੀਪਲ
ਪਿੰਡ-ਬੂਸੋਵਾਲ, ਡਾਕਘਰ-ਸੁਲਤਾਨਪੁਰ ਲੋਧੀ
ਜ਼ਿਲ੍ਹਾ ਕਪੂਰਥਲਾ।

## ਕਾਕਾ ਰਾਜਬੀਰ ਸਿੰਘ ਕੁਸ਼ਤੀ ਚੈਂਪੀਅਨ

ਸ. ਗੁਰਦੀਪ ਸਿੰਘ ਨਾਮਧਾਰੀ ਕਾਨੂੰਗੋ ਪਿੰਡ ਮੇਹਲੀ ਫਗਵਾੜਾ ਦੇ ਸਪੁਤਰ ਕਾਕਾ ਰਾਜਬੀਰ ਸਿੰਘ ਨੇ ਜ਼ਿਲ੍ਹਾ ਕੁਸ਼ਤੀ ਮੁਕਾਬਲਿਆਂ ਵਿਚ ਚੈਂਪੀਅਨਸ਼ਿਪ ਜਿੱਤੀ ਹੈ। ਪੂਰੇ ਪੰਜਾਬ ਦੇ ਜੂਨੀਅਰ ਕੁਸ਼ਤੀ ਮੁਕਾਬਲਿਆਂ ਵਿਚੋਂ ਰਾਜਬੀਰ ਦੂਸਰੇ ਸਥਾਨ ਤੇ ਰਿਹਾ ਹੈ। ੧੫ ਅਗਸਤ ੧੯੯੯ ਨੂੰ ਆਜ਼ਾਦੀ ਦਿਵਸ ਤੇ ਨਵਾਂ ਸ਼ਹਿਰ ਆਈ.ਟੀ.ਆਈ ਮੈਦਾਨ ਵਿਚ ਟਰਾਂਸਪੋਰਟ ਮੰਤਰੀ ਸ. ਰਘਵੀਰ ਸਿੰਘ ਨੇ ਕਾਕਾ ਰਾਜਬੀਰ ਸਿੰਘ ਨੂੰ ਸਨਮਾਨਿਤ ਕੀਤਾ।

## ਕਾਕਾ ਅਜੈਪਾਲ ਸਿੰਘ ਦਸਤਾਰ ਮੁਕਾਬਲੇ ਵਿਚ ਸਨਮਾਨਿਤ

ਪਿਛਲੇ ਦਿਨੀਂ ਗੁਰੂ ਨਾਨਕ ਪਬਲਿਕ ਸਕੂਲ ਪੰਜਾਬੀ ਬਾਗ ਨਵੀਂ ਦਿੱਲੀ ਵਿਚ ਬੱਚਿਆਂ ਦਾ ਕੌਮਾਂਤਰੀ ਪੱਧਰ ਦਾ ਦਸਤਾਰ ਮੁਕਾਬਲਾ ਕਰਵਾਇਆ ਗਿਆ। ਇਸ ਵਿਚ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਨਵੀਂ ਦਿੱਲੀ ਦਾ ਵਿਦਿਆਰਥੀ ਕਾਕਾ ਅਜੈਪਾਲ ਸਿੰਘ ਸਪੁੱਤਰ ਸੰਤ ਹਰਬੰਸ ਸਿੰਘ ਘੁਲਾ ਹਜ਼ੂਰੀ ਰਾਗੀ ਦੂਸਰੇ ਸਥਾਨ ਤੇ ਆਇਆ। ਇਸ ਮੁਕਾਬਲੇ ਵਿਚ ਹੋਰ ਸਾਰੇ ਵਿਦਿਆਰਥੀ ਪ੍ਰਚਲਤ ਨੋਕਦਾਰ ਪੱਗ ਵਾਲੇ ਸਨ ਅਤੇ ਆਯੋਜਕ ਵੀ।

## ਨਿਰੰਜਨ ਸਿੰਘ ਨੂਰ ਦੀ ਯਾਦ ਵਿਚ ਸਮਾਗਮ

ਸੁਲਤਾਨਪੁਰ ਲੋਧੀ, ੧੦ ਅਕਤੂਬਰ (ਅਮਰਜੀਤ ਕੋਮਲ ਤੇ ਸੋਨੀਆ)- ਮਰਹੂਮ ਪੰਜਾਬੀ ਸ਼ਾਇਰ ਡਾ. ਨਿਰੰਜਨ ਸਿੰਘ ਨੂਰ ਦੀ ਯਾਦ 'ਚ ਸਾਹਿਤ ਸਭਾ ਸੁਲਤਾਨਪੁਰ ਲੋਧੀ ਵੱਲੋਂ ਸਥਾਨਕ ਰੋਟਰੀ ਕਲੱਬ ਦੇ ਸਹਿਯੋਗ ਨਾਲ ਇਕ ਸਾਹਿਤਕ ਸਮਾਗਮ ਕਰਵਾਇਆ ਗਿਆ। ਸਮਾਗਮ ਦੇ ਪਹਿਲੇ ਸੈਸ਼ਨ ਦੇ ਪ੍ਰਧਾਨਗੀ ਮੰਡਲ 'ਚ ਉੱਘੇ ਪੱਤਰਕਾਰ ਸ. ਜਗਜੀਤ ਸਿੰਘ ਆਨੰਦ, ਡਾ. ਕਰਨੈਲ ਸਿੰਘ ਥਿੰਦ, ਡਾ. ਜਗਤਾਰ, ਪ੍ਰੋ. ਸੁਰਜੀਤ ਜੱਜ, ਸ. ਜਗਦੀਸ਼ ਸਿੰਘ ਵਰਿਆਮ, ਪ੍ਰੋ. ਅਵਤਾਰ ਜੌੜਾ ਬਿਰਾਜਮਾਨ ਸਨ। ਇਸ ਸੈਸ਼ਨ ਦੇ ਆਰੰਭ 'ਚ ਡਾ. ਸੁਖਵਿੰਦਰ ਸਿੰਘ ਰੰਧਾਵਾ ਨੇ 'ਮਾਨਵੀ ਧਰਾਤਲ ਬਨਾਮ ਨੂਰ ਦੀ ਕਵਿਤਾ' ਬਾਰੇ ਪਰਚਾ ਪੜ੍ਹਿਆ। ਪਰਚੇ 'ਤੇ ਬਹਿਸ ਦਾ ਆਰੰਭ ਪ੍ਰੋ. ਸੁਰਜੀਤ ਜੱਜ ਜਨਰਲ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਨੇ ਕੀਤਾ। ਪਰਚੇ 'ਤੇ ਹੋਈ ਸਾਰਥਿਕ ਬਹਿਸ ਨੂੰ ਡਾ. ਬਲਜੀਤ ਕੌਰ, ਪ੍ਰੋ. ਹਰਬੰਸ ਚਾਹਲ ਨੇ ਅੱਗੇ ਤੋਰਿਆ। ਡਾ. ਨੂਰ ਦੇ ਜੀਵਨ ਤੇ ਉਸ ਦੀਆਂ ਸਾਹਿਤਕ ਕਿਰਤਾਂ ਦੀ ਚਰਚਾ ਕਰਦਿਆਂ ਸ. ਜਗਜੀਤ ਸਿੰਘ ਆਨੰਦ ਨੇ ਨੂਰ ਨੂੰ ਸਫਲ ਵਿਦਵਾਨ ਦੱਸਦਿਆਂ ਕਿਹਾ ਕਿ ਉਨ੍ਹਾਂ ਜ਼ਿੰਦਗੀ ਦੇ ਹਰ ਖੇਤਰ 'ਚ ਪੂਰੀ ਇਮਾਨਦਾਰੀ ਨਾਲ ਸੇਵਾ ਕੀਤੀ ਤੇ ਮਾਰਕਸਵਾਦ ਵੱਲ ਪ੍ਰਤੀਬੱਧ ਰਹੇ। ਉਨ੍ਹਾਂ ਕਿਹਾ ਕਿ ਇੰਗਲੈਂਡ 'ਚ ਡਾ. ਨੂਰ ਵੱਲੋਂ ਪੰਜਾਬੀਆਂ ਦੀ 'ਸੱਭਿਆਚਾਰਕ' ਹੋਂਦ' ਖਤਰੇ ਵਿਚ ਪੈਂਦੀ ਦੇਖ ਕੇ ਉਨ੍ਹਾਂ ਵੱਲੋਂ ਪਗੜੀ ਕੇਸ ਲੜੇ ਗਏ ਸੰਘਰਸ਼ ਨੂੰ ਹਮੇਸ਼ਾ ਯਾਦ ਰੱਖਿਆ ਜਾਏਗਾ। ਇਸ ਮੌਕੇ ਬੋਲਦਿਆਂ ਡਾ. ਕਰਨੈਲ ਸਿੰਘ ਥਿੰਦ ਨੇ ਡਾ. ਨਿਰੰਜਨ ਨੂਰ ਦੀ ਯਾਦ 'ਚ ਢੁਕਵੀਂ ਯਾਦਗਾਰ ਉਸਾਰਨ ਦੀ ਅਪੀਲ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰੋ. ਚਰਨ ਸਿੰਘ ਚੇਅਰਮੈਨ ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ ਸੁਲਤਾਨਪੁਰ ਨੇ ਐਲਾਨ ਕੀਤਾ ਕਿ ਬਾਬਾ ਦਰਬਾਰਾ ਸਿੰਘ ਕਾਲਜ ਟਿੱਬਾ 'ਚ ਡਾ. ਨਿਰੰਜਨ ਸਿੰਘ ਨੂਰ ਦੀ ਯਾਦ 'ਚ ਲਾਇਬਰੇਰੀ ਉਸਾਰੀ ਜਾਏਗੀ।

ਸਮਾਗਮ ਦੇ ਦੂਜੇ ਸੈਸ਼ਨ ਵਿਚ ਹੋਏ ਕਵੀ ਦਰਬਾਰ 'ਚ ਡਾ. ਜਗਤਾਰ, ਸ੍ਰੀ ਉਲਫਤ ਬਾਜਵਾ, ਪ੍ਰੋ. ਸੁਰਜੀਤ ਜੱਜ, ਜਨਾਬ ਕੰਵਰ ਇਮਤਿਆਜ਼, ਪ੍ਰੋ. ਕੇਵਲ, ਗੁਰਬਖਸ਼ ਭੰਡਾਲ, ਡਾ. ਸੁਹਿੰਦਰਬੀਰ, ਸ੍ਰੀ ਸਤੀਸ਼ ਗੁਲਾਟੀ, ਪ੍ਰੋ. ਪਰਵਾਨਾ, ਸ੍ਰੀ ਨ.ਸ.ਸੇਵਕ, ਬੀਬਾ ਕੁਲਵੰਤ, ਸ੍ਰੀ ਗੁਰਦਿਆਲ ਰੌਸ਼ਨ, ਸ੍ਰੀ ਨਰਿੰਦਰ ਮਾਨਵ, ਸ੍ਰੀ ਤਰਲੋਕ ਮਨਸੂਰ, ਸ੍ਰੀ ਕਮਲ ਨੇਤਰ, ਸ੍ਰੀ ਬਲਵਿੰਦਰ ਗੋਇੰਦਵਾਲ ਆਦਿ ਸ਼ਾਇਰਾਂ ਨੇ ਆਪਣਾ ਕਲਾਮ ਪੜ੍ਹਿਆ। ਸਮਾਗਮ ਦੌਰਾਨ ਸਟੇਜ ਸਕੱਤਰ ਦੇ ਫਰਜ਼ ਸ੍ਰੀ ਮਹਾਂਬੀਰ ਸਿੰਘ ਦਰਦੀ ਨੇ ਅਦਾ ਕੀਤੇ। ਡਾ. ਨੂਰ ਦੀ ਯਾਦ 'ਚ ਜੁੜੇ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਸ੍ਰੀ ਅਨੂਪ ਸਿੰਘ ਨੂਰੀ, ਰੋਟਰੀ ਕਲੱਬ ਦੇ ਪ੍ਰਧਾਨ ਡਾ. ਸਵਰਨ ਸਿੰਘ, ਸ੍ਰੀ ਐਮ.ਪੀ. ਸਿੰਘ, ਹਿੰਦੀ ਦੇ ਉੱਘੇ ਸ਼ਾਇਰ ਸ੍ਰੀ ਅਮਰਨਾਥ ਕੌਸ਼ਤਭ,



Sri Satguru Jagjit Singh Ji eLibrary NamdhariElibrary@gmail.com

ਸ੍ਰੀ ਜਰਨੈਲ ਸਿੰਘ ਸ਼ਾਲ੍ਹਪੁਰ ਬੇਟ, ਸ੍ਰੀ ਪਰਸਨ ਲਾਲ ਭੋਲਾ, ਸ੍ਰੀ ਨਰਿੰਦਰ ਸੋਨੀਆ, ਸ੍ਰੀ ਹਰਭਜਨ ਪੰਛੀ ਨੇ ਅਹਿਮ ਭੂਮਿਕਾ ਅਦਾ ਕੀਤੀ।

ਸਮਾਗਮ ਵਾਲੇ ਹਾਲ ਦੇ ਬਾਹਰ ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਪੁਸਤਕ ਪ੍ਰਦਰਸ਼ਨੀ ਲਾਈ ਗਈ।

***ਮਲਕਾ ਦੇ ਮੁਲਕ ਤੋਂ***

# ਰਾਜਸੀ ਸ਼ਰਣ ਦੇ ਚਾਹਵਾਨਾਂ ਦਾ ਇੰਗਲੈਂਡ 'ਚ ਵੀ ਕਾਫ਼ੀਆ ਤੰਗ

ਪੁਲਸ ਅਤੇ ਇਮੀਗਰੇਸ਼ਨ ਵਿਭਾਗ ਦੇ ਕਰਮਚਾਰੀਆਂ ਨੇ ਸਾਂਝੇ ਤੌਰ ਤੇ ਮਿਲ ਕੇ ਇੰਗਲੈਂਡ ਦੇ ਹਰ ਕਸਬੇ ਵਿਚ ਛਾਪੇ ਮਾਰ ਕੇ ਹਜ਼ਾਰਾਂ ਜਾਅਲੀ ਅਤੇ ਗੈਰ-ਕਾਨੂੰਨੀ ਤੌਰ ਤੇ ਰਹਿ ਰਹੇ ਅਤੇ ਕੰਮ ਕਰ ਰਹੇ ਏਸ਼ੀਅਨ ਲੋਕਾਂ ਨੂੰ ਆਪਣੀ ਹਿਰਾਸਤ ਵਿਚ ਲੈ ਲਿਆ ਹੈ। ਇਹਨਾਂ ਵਿਚ ਵੱਡੀ ਗਿਣਤੀ ਉਹਨਾਂ ਏਸ਼ੀਅਨਾਂ ਦੀ ਹੈ ਜਿਹਨਾਂ ਨੇ ਇੰਗਲੈਂਡ ਵਿਚ ਸਿਆਸੀ ਪਨਾਹ ਲਈ ਅਰਜ਼ੀਆਂ ਦਿੱਤੀਆਂ ਸਨ ਅਤੇ ਉਹਨਾਂ ਨੂੰ ਰੱਦ ਕਰ ਦਿੱਤਾ ਗਿਆ ਸੀ। ਇਹਨਾਂ ਲੋਕਾਂ ਨੂੰ ਹੁਕਮ ਜਾਰੀ ਕੀਤੇ ਗਏ ਸਨ ਕਿ ਉਹ ਮਹੀਨੇ ਦੇ ਅੰਦਰ-ਅੰਦਰ ਇੰਗਲੈਂਡ ਛੱਡ ਜਾਣ ਪਰ ਇਨ੍ਹਾਂ ਨੇ ਆਪਣੇ ਪਤੇ ਬਦਲ ਲਏ ਸਨ ਤੇ ਦੂਜੇ ਸ਼ਹਿਰਾਂ 'ਚ ਜਾ ਸਿਰ ਛੁਪਾਏ ਸਨ। ਸਿਆਸੀ ਪਨਾਹ ਦੀਆਂ ਅਰਜ਼ੀਆਂ ਅਸਫਲ ਰਹਿਣ ਵਾਲੇ ਲੋਕਾਂ ਨੂੰ ਵੱਖ-ਵੱਖ ਸ਼ਹਿਰਾਂ ਵਿਚੋਂ ਗ੍ਰਿਫਤਾਰ ਕੀਤਾ ਗਿਆ। ਇੰਝ ਗ੍ਰਿਫਤਾਰ ਕੀਤੇ ਜਾਣ ਵਾਲਿਆਂ ਦੀ ਗਿਣਤੀ ੧੧੩੦ ਦੱਸੀ ਗਈ ਹੈ।

ਵੱਖ-ਵੱਖ ਫੈਕਟਰੀਆਂ, ਫਾਰਮਾਂ ਅਤੇ ਹੋਰ ਥਾਵਾਂ ਤੇ ਛਾਪੇ ਮਾਰ ਕੇ ਪੁਲਸ ਨੇ ੯੮੧ ਬੰਦਿਆਂ ਨੂੰ ਗ੍ਰਿਫਤਾਰ ਕੀਤਾ ਹੈ। ਛਾਪਾ ਮਾਰਨ ਵਾਲਿਆਂ ਵਿਚ ਸੋਸ਼ਲ ਸਕਿਉਰਟੀ ਅਤੇ ਪੁਲਸ ਕਰਮਚਾਰੀ ਸ਼ਾਮਲ ਸਨ। ਦੱਸਿਆ ਗਿਆ ਹੈ ਕਿ ਗ੍ਰਿਫਤਾਰ ਕੀਤੇ ਜਾਣ ਵਾਲੇ ਏਸ਼ੀਅਨ ਸੋਸ਼ਲ ਸਕਿਉਰਟੀ ਅਤੇ ਬੇਰੁਜ਼ਗਾਰੀ ਭੱਤਿਆਂ ਦੇ ਨਾਲ-ਨਾਲ ਕੰਮ ਵੀ ਕਰਦੇ ਸਨ।

ਇਹਨਾਂ ਗ੍ਰਿਫਤਾਰ ਕੀਤੇ ਗਏ ਬੰਦਿਆਂ ਨੂੰ ਦੇਸ਼ ਦੀਆਂ ਵੱਖ-ਵੱਖ ਥਾਵਾਂ ਵਿਚ ਬੰਦ ਕਰ ਦਿੱਤਾ ਗਿਆ। ਕੁਝ ਜਥੇਬੰਦੀਆਂ ਨੇ ਪੁਲਸ ਅਤੇ ਇਮੀਗਰੇਸ਼ਨ ਅਥਾਰਟੀ ਉੱਪਰ ਦੋਸ਼ ਲਾਇਆ ਹੈ ਕਿ ਉਹ ੧੯੭੦ ਵਾਂਗ ਏਸ਼ੀਅਨ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੀ ਹੈ। ਇਹਨਾਂ ਜਥੇਬੰਦੀਆਂ ਦਾ ਕਹਿਣਾ ਹੈ ਕਿ ਹਿਰਾਸਤ ਵਿਚ ਲਏ ਗਏ ਵਿਅਕਤੀਆਂ ਦੀ ਗਿਣਤੀ ੧੯੦੦ ਤੋਂ ਵੀ ਵੱਧ ਹੈ। ਆਮ ਤੌਰ 'ਤੇ ਇਹ ਲੋਕ ਭਾਰਤ, ਪਾਕਿਸਤਾਨ ਅਤੇ ਸ੍ਰੀਲੰਕਾ ਦੇ ਵਾਸੀ ਹਨ। ਦੂਜੇ ਪਾਸੇ ਹੋਮ ਆਫਿਸ ਨੇ ਕਿਹਾ ਕਿ ਸਿਆਸੀ ਪਨਾਹ ਦੀਆਂ ਅਰਜ਼ੀਆਂ ਰੱਦ ਹੋਣ ਪਿੱਛੋਂ ਗੈਰ-ਕਨੂੰਨੀ ਤੌਰ ਤੇ ਰਹਿ ਰਹੇ ਅਤੇ ਫੜੇ ਗਏ ਬੰਦਿਆਂ ਦੀ ਗਿਣਤੀ ਕੇਵਲ ੬੩੫ ਹੈ।

ਪੁਲਸ ਨੇ ਦੱਸਿਆ ਹੈ ਕਿ ਜਿਹੜੇ ਲੋਕ ਸੋਸ਼ਲ ਬੈਨੀਫਿਟ ਗੈਰ-ਕਨੂੰਨੀ ਤੌਰ ਤੇ ਲੈਂਦੇ ਫੜੇ ਗਏ ਸਨ ਉਹਨਾਂ ਸਾਰਿਆਂ ਨੂੰ ਜ਼ਮਾਨਤ ਉਪਰ ਛੱਡ ਦਿੱਤਾ ਗਿਆ ਹੈ। ਇਹ ਵੀ ਦੱਸਿਆ ਗਿਆ ਹੈ ਕਿ ੯੮੧ ਵਿਅਕਤੀ ਗੈਰ-ਕਨੂੰਨੀ ਤੌਰ ਤੇ ਇੰਗਲੈਂਡ ਵਿਚ ਰਹਿ ਰਹੇ ਸਨ। ਸਭ ਤੋਂ ਵੱਧ ਗ੍ਰਿਫਤਾਰੀਆਂ ਲੰਡਨ, ਵੈਸਟ ਮਿਡਲੈਂਡ ਅਤੇ ਲੰਕਾਸ਼ਾਇਰ ਵਿਚ ਕੀਤੀਆਂ ਗਈਆਂ।

## ਗੋਰੇ ਦੇ ਘਰ ਨੂੰ ਅੱਗ ਲਾਉਣ ਬਦਲੇ ਪੰਜਾਬੀ ਛੋਕਰਿਆਂ ਨੂੰ ੨੫ ਸਾਲ ਕੈਦ ਦੀਆਂ ਸਜ਼ਾਵਾਂ

ਕਾਵੈਂਟਰੀ: ਇਕ ਗੋਰੇ ਦੇ ਘਰ ਨੂੰ ਪੈਟਰੋਲ ਬੰਬ ਸੁੱਟ ਕੇ ਅੱਗ ਲਾਉਣ ਦੇ ਦੋਸ਼ ਵਿਚ ਅਦਾਲਤ ਨੇ ਪੰਜ ਛੋਕਰਿਆਂ ਨੂੰ ਕੁੱਲ ੨੫ ਸਾਲ ਕੈਦ ਸਖ਼ਤ ਦੀਆਂ ਸਜ਼ਾਵਾਂ ਦਿੱਤੀਆਂ।

ਕਾਵੈਂਟਰੀ ਕਰਾਊਨ ਕੋਰਟ ਨੂੰ ਘਟਨਾ ਦਾ ਵਿਸਥਾਰ ਇਸ ਪ੍ਰਕਾਰ ਦਿੱਤਾ ਗਿਆ:

"੧੭ ਸਾਲਾ ਅਮਰਜੀਤ ਸਿੰਘ ਢਿੱਲੋਂ ਕਾਵੈਂਟਰੀ ਦੇ ਜਿਸ ਸਕੂਲ ਵਿਚ ਪੜ੍ਹਦਾ ਸੀ, ਉਥੋਂ ਦੀ ਇਕ ਵਿਦਿਆਰਥਣ ਦੇ ਆਸ਼ਨਾਈ ਦੇ ਚੱਕਰ ਵਿਚ ਉਹਦੀ ਇਕ ਗੋਰੇ ਜਮਾਤੀ ਵੇਨ ਲੋਚ ਨਾਲ ਲੱਗਦੀ ਸੀ, ਕਿਉਂਕਿ ਗੋਰਾ ਵੀ ਉਸ ਕੁੜੀ ਤੇ ਡੋਰੇ ਰੱਖਦਾ ਸੀ। ਝਗੜਾ ਏਸ ਹੱਦ ਤੱਕ ਵਧ ਗਿਆ ਕਿ ਗੱਲ ਹੈੱਡਮਾਸਟਰ ਤੱਕ ਪਹੁੰਚ ਗਈ ਅਤੇ ਗੋਰੇ ਛੋਕਰੇ ਨੂੰ ਸਕੂਲ 'ਚੋਂ ਕੱਢ ਦਿੱਤਾ ਗਿਆ। ਉਸ ਨੇ ਗੈਂਗ ਬਣਾ ਲਈ ਅਤੇ ਅਮਰਜੀਤ ਸਿੰਘ ਨੂੰ ਘੇਰਨਾ ਸ਼ੁਰੂ ਕਰ ਦਿੱਤਾ। ਹੋਰ ਕੋਈ ਹੀਲਾ ਨਾ ਦੇਖ ਕੇ ਅਮਰਜੀਤ ਸਿੰਘ ਢਿੱਲੋਂ ਨੇ ਵੀ ਆਪਣੇ ਭਰਾਵਾਂ ਅਤੇ ਦੋਸਤਾਂ ਨੂੰ ਮਿਲਾ ਕੇ ਗੈਂਗ ਬਣਾ ਲਈ।

ਗੋਰੀ ਗੈਂਗ ਨੇ ਜਦੋਂ ਜ਼ਿਆਦਾ ਤੰਗ ਕਰਨਾ ਸ਼ੁਰੂ ਕਰ ਦਿੱਤਾ ਤਾਂ ਢਿੱਲੋਂ ਆਪਣੀ ਗੈਂਗ ਲੈ ਕੇ ਵੇਨ ਲੋਚ ਦੇ ਘਰ ਗਿਆ ਅਤੇ ਲਲਕਾਰੇ ਮਾਰੇ। ਵੇਨ ਲੋਚ ਅੱਗੋਂ ਨਾ ਲੱਭਾ ਤਾਂ ਉਹਨਾਂ ਘਰ ਦੇ ਅੰਦਰ ਪੈਟਰੋਲ ਬੰਬ ਸ਼ੀਸ਼ੇ ਤੋੜ ਕੇ ਸੁੱਟ ਦਿੱਤਾ। ਮਿਸਟਰ ਨਾਰਮਨ ਲੋਚ ਆਪਣੀ ਕੰਮ 'ਤੇ ਗਈ ਗੁਆਂਢਣ ਗੋਰੀ ਦਾ ੭ ਮਹੀਨਿਆਂ ਦਾ ਬੱਚਾ ਸਾਂਭ ਰਿਹਾ ਸੀ, ਜਿਸ ਨੂੰ ਅੱਗ ਲੱਗ ਗਈ ਅਤੇ ਉਹ ਬੁਰੀ ਤਰ੍ਹਾਂ ਝੁਲਸ ਗਿਆ।

ਬੱਚੇ ਦੀ ਮਾਂ ਐਨਮੇਰੀ ਫੋਗਾਰਟੀ ਜਦੋਂ ਸ਼ਾਮ ਨੂੰ ਕੰਮ ਤੋਂ ਘਰ ਆਈ ਅਤੇ ਆਪਣਾ ਬੱਚਾ ਲੈਣ ਗਈ ਤਾਂ ਪਤਾ ਲੱਗਾ ਕਿ ਅੱਗ ਨਾਲ ਝੁਲਸਿਆ ਉਹ ਹਸਪਤਾਲ ਪਿਆ ਹੈ। ਉਸ ਦੀਆਂ ਚੀਕਾਂ ਨਿਕਲ ਗਈਆਂ।

ਬਾਅਦ 'ਚ ਡਾਕਟਰਾਂ ਨੇ ਸੀਨ ਲਾਗ ਨਾਂਅ ਦੇ ਇਸ ਬੱਚੇ ਨੂੰ ਸਕਿਨ-ਗਰਾਫਿੰਗ ਕਰਕੇ ਕਾਫੀ ਸਾਰਾ ਠੀਕ ਤਾਂ ਕਰ ਲਿਆ



Sri Satguru Jagjit Singh Ji eLibrary NamdhariElibrary@gmail.com

ਪਰ ਫਿਰ ਵੀ ਸੜਨ ਦੇ ਦਾਗ ਉਹਦੇ ਸਰੀਰ ਤੇ ਸਾਰੀ ਉਮਰ ਰਹਿਣਗੇ।

ਗੈਂਗ ਦੇ ਪੰਜਾਂ ਹਮਲਾਵਰਾਂ ਨੇ ਆਪਣਾ ਦੋਸ਼ ਮੰਨ ਲਿਆ ਅਤੇ ਢਿੱਲੋਂ ਦੇ ਸਫਾਈ ਵਕੀਲ ਵਿਲਬਰਟ ਹੈਰਿਸ ਨੇ ਜੱਜ ਨੂੰ ਆਖਿਆ ਕਿ ਘਟਨਾ ਦੀ ਸਾਰੀ ਜ਼ਿੰਮੇਵਾਰੀ ਉਸ ਦਾ ਕਲਾਇੰਟ ਆਪਣੇ ਸਿਰ ਲੈਂਦਾ ਹੈ ਅਤੇ ਆਪਣੀ ਕੀਤੀ ਤੇ ਬਹੁਤ ਸ਼ਰਮਸਾਰ ਹੈ, ਪਰ ਜੱਜ ਰਿਚਰਡ ਕੋਲ ਨੇ ਸਭਨਾਂ ਨੂੰ ਹੀ ਠੋਕ ਕੇ ਸਜ਼ਾਵਾਂ ਦੇ ਦਿੱਤੀਆਂ ਜੋ ਇਸ ਪ੍ਰਕਾਰ ਹਨ :

ਅਮਰੀਕ ਸਿੰਘ ਢਿੱਲੋਂ (੨੮) ਹੈਲਮ ਕਰਜ਼ੇਂਟ, ਫਾਲਿੰਗਜ਼ ਪਾਰਕ, ਵਲਵਰਹੈਂਪਟਨ-੮ ਸਾਲ ਕੈਦ ਸਖ਼ਤ, ਅਮਰਜੀਤ ਸਿੰਘ ਢਿੱਲੋਂ (੧੭) (ਅਮਰੀਕ ਸਿੰਘ ਢਿੱਲੋਂ ਦਾ ਭਰਾ) ਰਿਹਾਇਸ਼ ਕਾਵੈਂਟਰੀ..... ੬ ਸਾਲ ਕੈਦ, ਸਿੰਦਰਜੀਤ ਸਿੰਘ ਚੀਮਾ (੧੯) ਗ੍ਰੀਨਵੁੱਡ ਰੋਡ ਆਕਸਲੇ, ਵੁਲਵਰਹੈਂਪਟਨ..... ੬ ਸਾਲ ਕੈਦ, ਸੁਖਿੰਦਰ ਸਿੰਘ ਰਾਏ (੧੭) ਫਾਅਡਰੀ ਸਟਰੀਟ, ਵਿਟਮੋਰੀਨ, ਵੁਲਵਰਹੈਂਪਟਨ..... ੫ ਸਾਲ ਕੈਦ, ਇਕ ੧੪ ਸਾਲਾ ਮੁੰਡਾ, ਜਿਸ ਦਾ ਨਾਂ ਕਮਸਨ ਕਰਕੇ ਪ੍ਰਕਾਸ਼ਤ ਨਹੀਂ ਕੀਤਾ ਜਾ ਸਕਦਾ, ਨੂੰ ਸੋਸ਼ਲ ਕੇਅਰ ਵਿਚ ਭੇਜ ਦਿੱਤਾ ਗਿਆ।

ਫੈਸਲੇ ਤੋਂ ਬਾਅਦ ਐਨ ਫੋਗਾਰਟੀ ਨੇ ਆਖਿਆ ਕਿ ਇਹ ਛੋਕਰੇ ਤਾਂ ਕੁਝ ਸਾਲਾਂ ਬਾਅਦ ਬਾਹਰ ਆ ਜਾਣਗੇ, ਪਰ ਮੈਂ ਆਪਣੇ ਪੁੱਤਰ ਦੇ ਦਾਗ ਹਰ ਰੋਜ਼ ਦੇਖਿਆ ਕਰਾਂਗੀ ਤਾਂ ਸਹਿਮ ਜਾਇਆ ਕਰਾਂਗੀ। ਮੈਨੂੰ ਤਾਂ ਉਮਰ ਕੈਦ ਦੀ ਸਜ਼ਾ ਹੋ ਗਈ ਹੈ।

ਬੱਚੇ ਦੀ ਸੰਭਾਲ ਕਰ ਰਹੇ ਨਾਰਮਲ ਲੋਚ ਨੇ ਆਖਿਆ ਕਿ ਉਹ ਟੈਲੀ ਦੇਖ ਰਿਹਾ ਸੀ ਅਤੇ ਬੱਚੇ ਨੂੰ ਪੰਘੂੜੇ ਵਿਚ ਝੂਟੇ ਦੇ ਰਿਹਾ ਸੀ ਜਦੋਂ ਤਾਕੀਆਂ ਦੇ ਸ਼ੀਸ਼ੇ ਟੁੱਟਣ ਦਾ ਖੜਕਾ ਹੋਇਆ ਅਤੇ ਕਮਰੇ ਦੇ ਅੰਦਰ ਪੈਟਰੋਲ ਹੀ ਪੈਟਰੋਲ ਵਹਿ ਤੁਰਿਆ। ਅੱਗ ਨੇ ਸਾਰੇ ਕਮਰੇ ਨੂੰ ਆਪਣੀ ਲਪੇਟ ਵਿਚ ਲੈ ਲਿਆ। ਫਾਇਰ ਬ੍ਰਿਗੇਡ ਛੇਤੀ ਨਾ ਆਉਂਦਾ ਤਾਂ ਪਤਾ ਨਹੀਂ ਚਾਰਲੈਸ ਸਟਰੀਟ ਦੇ ਕਿੰਨੇ ਘਰ ਤਬਾਹ ਹੋ ਜਾਂਦੇ।

## ਲੁਟੇਰੇ ੯੦੦ ਪੌਂਡ ਲੈ ਗਏ

ਵੈਸਟ ਬ੍ਰਾਮਿਚ ਦੀ ਹਾਈ ਸਟਰੀਟ ਵਿਚ ਸਥਿਤ ਸਿੱਧੂ ਡਿਸਪੈਨਸਿੰਗ ਕੈਮਿਸਟ ਸ਼ਾਪ ਵਿਚੋਂ ਸ਼ੁੱਕਰਵਾਰ ਸ਼ਾਮੀ ੬.੩੫ ਵਜੇ ਦੋ ਕਾਲੇ ਚਾਕੂ ਦਿਖਾ ਕੇ ੯੦੦ ਪੌਂਡ ਲੈ ਕੇ ਤਿੱਤਰ ਹੋ ਗਏ। ਚਾਕੂ ਦਿਖਾਉਂਦੇ ਹੋਏ ਦੋਵੇਂ ਚੋਰ ਅਚਾਨਕ ਦੁਕਾਨ ਵਿਚ ਘੁਸ ਆਏ। ਉਨ੍ਹਾਂ ਨੇ ੪੧ ਸਾਲਾ ਕੈਮਿਸਟ ਤੋਂ ਪੈਸੇ ਦੀ ਮੰਗ ਕੀਤੀ। ਟਿੱਲ ਵਿਚੋਂ ਕੈਸ਼ ਲੈ ਕੇ ਚੋਰ ਫਰਾਰ ਹੋਣ ਵਿਚ ਸਫਲ ਹੋ ਗਏ।

ਦੋਵੇਂ ਲੁਟੇਰੇ ਕਾਲੇ ਸਨ। ਇਕ ਦੀ ਉਮਰ ੨੩ ਤੋਂ ੨੬ ਸਾਲਾਂ ਦੇ ਵਿਚਕਾਰ ਸੀ ਅਤੇ ਕੱਦ ੫ ਫੁੱਟ ੯ ਇੰਚ ਦੇ ਕਰੀਬ ਸੀ। ਦੂਜਾ ਵੀ ਕੋਈ ੨੩ ਸਾਲਾਂ ਦੀ ਉਮਰ ਦਾ ਹੋਵੇਗਾ। ਇਕ ਦੇ ਸਿਰ ਉਪਰ ਤੰਗੜ ਵਰਗੀ ਟੋਪੀ ਅਤੇ ਖਾਕੀ ਰੰਗ ਦਾ ਸਕਾਰਫ ਪਾਇਆ ਹੋਇਆ ਸੀ ਜਦਕਿ ਦੂਜਾ ਵਾਹਵਾ ਸੂਰ ਵਾਂਗ ਪਲਿਆ ਹੋਇਆ ਸੀ ਅਤੇ ਉਹਨਾਂ ਮੁੱਛਾਂ ਵੀ ਰੱਖੀਆਂ ਹੋਈਆਂ ਸਨ।

ਸਰਵਣ ਸਿੰਘ ਜ਼ਫਰ
ਸਾਊਥਾਲ।

### ਪਾਠਕਾਂ ਨੂੰ ਜ਼ਰੂਰੀ ਬੇਨਤੀ

ਵਰਿਆਮ ਦੇ ਦੇਸ਼ ਅਤੇ ਵਿਦੇਸ਼ ਦੇ ਬਹੁਤ ਸਾਰੇ ਪਾਠਕਾਂ ਵੱਲੋਂ ਚੰਦੇ ਆਉਣੇ ਬਕਾਇਆ ਹਨ, ਸਾਡੀ ਬੇਨਤੀ ਹੈ ਕਿ ਬਕਾਇਆ ਚੰਦੇ ਜਲਦੀ ਤੋਂ ਜਲਦੀ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ। ਵਿਸ਼ੇਸ਼ ਕਰਕੇ ਵਿਦੇਸ਼ 'ਚ ਰਹਿੰਦੇ ਪਾਠਕ ਇਸ ਗੱਲ ਵੱਲ ਧਿਆਨ ਦੇਣ ਤਾਂ ਕਿ ਪਰਚਾ ਉਨ੍ਹਾਂ ਦੀ ਸੇਵਾ 'ਚ ਪੁੱਜਦਾ ਰਹੇ।

-ਮੈਨੇਜਰ


ਵਰਿਆਮ ਲਈ ਸ਼ੁਭ ਇੱਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

ਨਾਮਧਾਰੀ ਬ੍ਰਦਰਜ਼

ਡਾਲਟਨਗੰਜ (ਬਿਹਾਰ)

NAMDHARI BROTHERS

DALTON GANJ (BIHAR)

Prop. S. Ajit Singh Namdhari

ੴ
ਸ੍ਰੀ ਸਤਿਗੁਰ ਰਾਮ ਸਿੰਘ ਜੀ ਸਹਾਇ

Turn Turn- 220010

Makah Singh Saggu

TECHNO INDUSTRIES

ਟੈਕਨੋ ਇੰਡਸਟਰੀਜ਼

Manufacturers, Fabricators & Exporters Industrial Chain Sprockets & Sugar Mill

Spares All Types of Graded Casting & Machinery parts

E.D. 311, Old Railway Road, Jalandhar-144001





Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ : ੫੯੮੬੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ.
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

ਬਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ, ਪੜਤਲ,
ਚੀਲ ਆਦਿ ਵੇਚਣ ਵਾਲੇ

**ਦਲੀਪ ਸਿੰਘ ਪੂਰਨ ਸਿੰਘ ਸੱਗੂ**

(ਟਿੰਬਰ ਮਰਚੈਂਟਸ)

**DALIP SINGH PURAN SINGH SAGGU**
*(Timber Merchants)*
ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ
Ph. : 58795, 59056
Mobile Ph.: 9814060489 Pager 96124089

**JANTA**
**HYDRAULIC PRESSES**



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ

ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ, ਜਲੰਧਰ-੧੪੪੦੦੪
ਫੋਨ- ੨੩੮੭੮੪

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੁਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

**ਹਜ਼ੂਰ ਸਿੰਘ ਐਂਡ ਸਨਜ਼**

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਇਕਹਿਰੀ ਪੁਲੀ, ਜਲੰਧਰ ਸ਼ਹਿਰ

*ਵਾਲਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ*



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers :*

# Namdhari Sales

10240/54, Library Road, Azad Market, Delhi-11006





Sri Satguru Jagjit Singh Ji eLibrary NamdhariElibrary@gmail.com




Old Delhi-Gurgaon Road, Kapashera, N.D.-37
Ph. : 5563867, 5564500, 501. 502, 5565500, 501, 502, Fax : 5563587

Sri Satguru Jagjit Singh Ji eLibrary NamdhariElibrary@gmail.com

Registered No. PB/JL-253
MONTHLY WARIAM
Ladowali Road, Jalandhar-144 001.
NOV. 1999
Registered with the Registrar of News papers for India. RNI No. 26453/75

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਟੈਂਟ ਹਾਊਸ ਵਾਲਿਆਂ ਵਾਸਤੇ ਖ਼ੁਸ਼ਖਬਰੀ

**ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ**

# ਨਾਮਧਾਰੀ ਏਜੰਸੀਜ਼

**੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਂਕ, ਦਿੱਲੀ-੧੧੦੦੦੬**

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068, CHAH ANDARA, (BEHIND JUBILEE CINEMA)
CHANDNI CHOWK, DELHI–110006

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 232543, ਨਿਵਾਸ 56289

Sri Satguru Jagjit Singh Ji eLibrary NamdhariElibrary@gmail.com